ਮਾਲਾ ਮਣਕੇ - 2



ਨਰਿੰਦਰ ਸਿੰਘ ਕਪੂਰ

ਲੇਖਕ ਦੀਆਂ ਪੁਸਤਕਾਂ :

ਵਿਚਾਰ ਸੰਗ੍ਰਹਿ : ਖਿੜਕੀਆਂ
ਕਲਿਆਂ ਦਾ ਕਾਫ਼ਲਾ
ਮਾਲਾ ਮਣਕੇ

ਲੇਖ ਸੰਗ੍ਰਹਿ : ਬੁਨਿਆਦਾਂ
ਦਰ-ਦਰਵਾਜ਼ੇ
ਡੂੰਘੀਆਂ ਸਿਖਰਾਂ
ਰਾਹ ਰਸਤੇ
ਅੰਤਰ ਝਾਤ
ਆਹਮੋ-ਸਾਹਮਣੇ
ਬੂਹੇ-ਬਾਰੀਆਂ
ਸੁਖ਼ਨ-ਸੁਨੇਹੇ
ਸੱਚੋ-ਸੱਚ
ਤਰਕਵੇਦ
ਵਿਆਖਿਆ ਵਿਸ਼ਲੇਸ਼ਣ

ਆਲੋਚਨਾ ਅਤੇ ਖੋਜ : ਪੰਜਾਬੀ ਕਵਿਤਾ ਵਿਚ ਰਾਸ਼ਟਰੀ ਏਕਤਾ ਦੀ ਭਾਵਨਾ
ਗਿਆਨੀ ਦਿੱਤ ਸਿੰਘ-ਜੀਵਨ ਤੇ ਰਚਨਾ
ਪੰਜਾਬੀ ਪੱਤਰਕਾਰੀ ਦਾ ਵਿਕਾਸ

ਅਨੁਵਾਦ : ਤੁਰਗਨੇਵ : ਪਿਉ ਪੁੱਤਰ
ਜਵਾਹਰ ਲਾਲ ਨਹਿਰੂ : ਗਾਥਾ ਭਾਰਤ ਦੇਸ਼ ਦੀ
ਜੱਸਾ ਸਿੰਘ ਆਹਲੂਵਾਲੀਆ
ਮਾਰਟਿਨ ਲੂਥਰ ਕਿੰਗ
ਭਾਈ ਵੀਰ ਸਿੰਘ : ਬਾਬਾ ਨੌਧ ਸਿੰਘ (ਅੰਗਰੇਜ਼ੀ ਵਿਚ)

ਮਾਲਾ ਮਣਕੇ-2

ਨਰਿੰਦਰ ਸਿੰਘ ਕਪੂਰ

Self Improvement/ Prose

ISBN :978-93-5204-614-0

Mala Manke-2

(Observations, Formulations and Reflections)

by

Narinder Singh Kapoor

4245, Phase II, Urban Estate,

PATIALA-147 002 (India)

kapoorns@gmail.com

narindersinghkapoor.com

2017

Published by Lokgeet Parkashan

Printed & bound at Unistar Books Pvt. Ltd.

301, Industrial Area, Phase-9,

S.A.S. Nagar, Mohali-Chandigarh (India)

email : unistarbooks@gmail.com

website : www.unistarbooks.com

Ph. +91-172-4608699, 4608799,4027552

Scanned by CamScanner

ਉਦੇਸ਼

ਵਿਚਾਰ ਮੁਨਾਫ਼ਾ ਤਾਂ ਨਹੀਂ ਵਧਾਉਂਦੇ ਪਰ ਇਹ ਅਮੀਰ ਜ਼ਰੂਰ ਬਣਾ ਦਿੰਦੇ ਹਨ।

ਜੋ ਪ੍ਰਭਾਵਿਤ ਕਰਦਾ ਹੈ, ਉਹ ਬਦਲਦਾ ਵੀ ਹੈ। ਵਿਚਾਰ ਬਦਲਣ ਨਾਲ ਸਾਡਾ ਵਿਹਾਰ ਅਤੇ ਵਿਹਾਰ ਬਦਲਣ ਨਾਲ, ਸਾਡੇ ਵਿਚਾਰ ਬਦਲ ਜਾਂਦੇ ਹਨ।

ਨਿੱਕੀਆਂ-ਨਿੱਕੀਆਂ ਗੱਲਾਂ ਡੂੰਘੀਆਂ ਹੋ ਸਕਦੀਆਂ ਹਨ। ਡੂੰਘੀਆਂ ਗੱਲਾਂ ਦੀਆਂ ਪਰਤਾਂ ਹੁੰਦੀਆਂ ਹਨ, ਜਿਹੜੀਆਂ ਫਰੋਲਣ ਦੀ ਲੋੜ ਹੁੰਦੀ ਹੈ। ਇਵੇਂ ਹੀ ਅਜਨਬੀ ਵਿਚਾਰਾਂ ਨੂੰ ਜਾਣਨ ਅਤੇ ਅਪਨਾਉਣ ਦੀ ਆਦਤ ਦੀ ਵੀ ਲੋੜ ਹੁੰਦੀ ਹੈ।

ਵਿਚਾਰਾਂ, ਟਿੱਪਣੀਆਂ, ਧਾਰਣਾਵਾਂ, ਸੋਚਾਂ ਦਾ ਹੱਥਲਾ ਸੰਗ੍ਰਹਿ ਮੁੱਢਲੇ ਰੂਪ ਵਿਚ ਮੇਰੀ ਨਿੱਜੀ ਵਰਤੋਂ ਲਈ ਸੀ। ਯੂਨੀਵਰਸਿਟੀ ਵਿਚ ਕਈ ਵਿਸ਼ਿਆਂ ਦੇ ਅਧਿਐਨ ਅਤੇ ਅਧਿਆਪਨ ਦੌਰਾਨ, ਭਾਂਤ-ਭਾਂਤ ਦੇ ਵਿਦਵਾਨਾਂ, ਵਿਅਕਤੀਆਂ ਅਤੇ ਵਿਦਿਆਰਥੀਆਂ ਨੂੰ ਮਿਲਣ ਅਤੇ ਪੁਸਤਕਾਂ ਪੜ੍ਹਨ-ਪੜ੍ਹਾਉਣ ਦਾ ਅਵਸਰ ਮਿਲਿਆ ਅਤੇ ਜੋ ਚੰਗਾ ਲਗਿਆ, ਜਿਸ ਨੇ ਪ੍ਰਭਾਵਿਤ ਕੀਤਾ, ਟੁੰਬਿਆ, ਜਿਸ ਵਿਚੋਂ ਅਰਥ, ਅਨੁਭਵ ਦੀਆਂ ਬਰੀਕੀਆਂ, ਨਿਚੋੜਿਆ ਹੋਇਆ ਤਜਰਬਾ, ਰਿੜਕਿਆ ਹੋਇਆ ਫ਼ਲਸਫ਼ਾ, ਵਿਸ਼ਲੇਸ਼ਣ, ਸੂਝ ਦੀਆਂ ਝਲਕੀਆਂ ਅਤੇ ਵਰਤਾਰਿਆਂ ਦੀਆਂ ਗੁੰਝਲਾਂ ਦੇ ਦੀਦਾਰ ਹੋਏ, ਉਨ੍ਹਾਂ ਨੂੰ ਮੈਂ ਆਪਣੇ ਸ਼ਬਦਾਂ ਵਿਚ ਦਰਜ ਕਰਦਾ ਰਿਹਾ ਹਾਂ। ਇਵੇਂ ਇਹ ਸੰਗ੍ਰਹਿ ਮੇਰੇ ਪਿਛਲੇ ਪੰਜ ਦਹਾਕਿਆਂ ਦਾ ਲੇਖਾ-ਜੋਖਾ ਹੈ। ਇਸ ਵਿਚ ਅਨੇਕਾਂ ਚਿੰਤਨ-ਧਾਰਨਾਵਾਂ, ਮਨੋਵਿਗਿਆਨਕ ਅਤੇ ਦਾਰਸ਼ਨਿਕ ਪਰਤਾਂ, ਇਸਤਰੀ-ਪੁਰਸ਼ ਸੰਬੰਧਾਂ, ਸਮਾਜਿਕ, ਪਰਿਵਾਰਕ ਅਤੇ ਆਪੇ-ਸਿਰਜੇ ਰਿਸ਼ਤਿਆਂ ਦੀ ਪਛਾਣ ਅਤੇ ਪੇਸ਼ਕਾਰੀ ਕੀਤੀ ਗਈ ਹੈ। ਕਈ ਥਾਈਂ ਸਮਾਜਿਕ ਵਿਅਕਤੀਆਂ ਦੇ ਸਮਾਜ-ਵਿਰੋਧੀ ਵਿਹਾਰ ਨੂੰ ਵਿਅੰਗਮਈ ਸੰਕੇਤਾਂ ਨਾਲ ਪ੍ਰਗਟਾਇਆ ਗਿਆ ਹੈ।

ਅਜੋਕੇ ਸੰਸਾਰ ਵਿਚ ਅਰਥਪੂਰਨ ਜੀਵਨ ਜਿਊਣ ਲਈ ਸਾਨੂੰ ਭਾਂਤ-ਭਾਂਤ ਦੇ ਹੁਨਰਾਂ, ਵਿਚਾਰਾਂ, ਤਜਰਬਿਆਂ ਅਤੇ ਸੰਬੰਧਾਂ ਦੀ ਲੋੜ ਪੈਂਦੀ ਹੈ। ਦੁਨੀਆ ਦਾ ਸਾਡੇ ਜੀਵਨ ਵਿਚ ਦਖ਼ਲ ਅਤੇ ਸੰਸਾਰ ਵਿੱਚ ਸਾਡੀ ਦਿਲਚਸਪੀ ਵੱਧਣ ਕਰਕੇ ਸਾਡੇ ਜੀਵਨ ਦਾ ਚਰਿਤਰ ਅੰਤਰ-ਰਾਸ਼ਟਰੀ ਹੋ ਗਿਆ ਹੈ। ਅਸੀਂ ਪਰੰਪਰਾ ਅਤੇ ਪਰਿਵਰਤਨ ਦੇ ਵਿਚਕਾਰ ਵਿਚਰ ਰਹੇ ਹਾਂ। ਇਹ ਪੁਸਤਕ ਇਨ੍ਹਾਂ ਪੱਖਾਂ ਨੂੰ ਵਿਭਿੰਨ ਪੱਧਰਾਂ 'ਤੇ ਪੇਸ਼ ਕਰਨ ਦਾ ਉਪਰਾਲਾ ਹੈ। ਆਪਣਾ ਵਿਕਾਸ ਕਰਨ ਅਤੇ ਆਪਣੀਆਂ ਸਮੱਸਿਆਵਾਂ ਆਪ ਹੱਲ ਕਰਨ ਦੀ ਜ਼ਿੰਮੇਵਾਰੀ ਸਾਡੀ ਹੈ। ਇਹ ਪੁਸਤਕ ਸਾਰੀਆਂ ਸਮੱਸਿਆਵਾਂ ਤਾਂ ਹੱਲ ਨਹੀਂ ਕਰੇਗੀ ਪਰ ਇਹ ਸੋਝੀ ਜ਼ਰੂਰ ਮਿਲਣ ਦੀ ਆਸ ਹੈ ਕਿ ਵਿਗਿਆਨਕ ਦ੍ਰਿਸ਼ਟੀਕੋਣ ਅਪਣਾ ਕੇ ਸਮੱਸਿਆਵਾਂ ਹੱਲ ਕੀਤੀਆਂ ਜਾ ਸਕਦੀਆਂ ਹਨ।

ਲਿਖਣ ਰਾਹੀਂ ਮੈਨੂੰ ਪਤਾ ਲਗਦਾ ਹੈ ਕਿ ਮੈਂ ਕੀ ਸੋਚਦਾ ਹਾਂ, ਪੜ੍ਹਨ ਰਾਹੀਂ ਤੁਸੀਂ ਜਾਣ ਸਕੋਗੇ ਕਿ ਤੁਸੀਂ ਕੀ ਸੋਚਦੇ ਹੋ। ਇਹ ਪੁਸਤਕ ਤੁਹਾਨੂੰ ਹੋਰਾਂ ਵਰਗਾ ਬਣਨ ਦਾ ਲਾਲਚ ਤਿਆਗਣ ਦਾ ਸਾਹਸ ਦੇ ਸਕਦੀ ਹੈ ਅਤੇ ਵੱਖਰਾ ਅਤੇ ਨਿਵੇਕਲਾ ਬਣਨ ਦਾ ਉਤਸ਼ਾਹ ਉਪਜਾ ਸਕਦੀ ਹੈ। ਇਸ ਵਿਚੋਂ ਤੁਹਾਨੂੰ ਆਪਣੇ ਚਾਨਣੇ ਅਤੇ ਹਨੇਰੇ ਵੇਖਣ ਦੀ ਸਮਰੱਥਾ ਪ੍ਰਾਪਤ ਹੋਣ ਦੀ ਸੰਭਾਵਨਾ ਹੈ।

ਇਸ ਸੰਗ੍ਰਹਿ ਵਿਚਲੀ ਲਗਭਗ ਹਰੇਕ ਧਾਰਣਾ ਮਨ ਦੀ ਵੱਖਰੀ ਹਾਲਤ, ਵੱਖਰੇ ਵਿਸ਼ੇ ਅਤੇ ਚਰਿਤਰ ਨੂੰ ਪੇਸ਼ ਕਰਦੀ ਹੈ ਤਾਂ ਕਿ ਪਾਠਕ, ਜੀਵਨ ਦੇ ਗੁੱਝੇ ਭੇਤਾਂ, ਨਿਤਾ-ਪ੍ਰਤੀ ਦੀਆਂ ਸਮੱਸਿਆਵਾਂ ਅੰਦਰ ਕਾਰਜਸ਼ੀਲ ਵਰਤਾਰਿਆਂ, ਸਾਧਾਰਨ ਅਤੇ ਸਰਲ ਪਿਛੇ ਖਲੋਤੀਆਂ ਜਟਿਲਤਾਵਾਂ ਨੂੰ ਜਾਣ ਅਤੇ ਸਮਝ ਸਕਣ।

ਇਹ ਸੰਗ੍ਰਹਿ ਪਾਠਕਾਂ ਵਿਚ ਗਲਬਾਤ ਕਰਨ ਦੀ ਯੋਗਤਾ ਅਤੇ ਸਮਰੱਥਾ ਵਧਾਉਣ ਦੇ ਉਦੇਸ਼ ਹਿੱਤ ਹੈ। ਗੱਲਾਂ ਕਰਨਾ ਸੌਖਾ ਕਾਰਜ ਨਹੀਂ ਹੁੰਦਾ, ਅਸੀਂ ਸਾਰੇ ਗੱਲਾਂ ਕਰਦੇ ਹਾਂ ਪਰ ਮੰਨੀਆਂ, ਕਿਨ੍ਹਾਂ ਦੀਆਂ ਕਿਹੜੀਆਂ ਗੱਲਾਂ ਜਾਂਦੀਆਂ ਹਨ? ਵੇਖਿਆ ਗਿਆ ਹੈ ਕਿ ਭਵਿੱਖਵਾਦੀ ਵਿਚਾਰਾਂ ਅਤੇ ਗੱਲਾਂ ਵਿਚ ਮੰਨੇ ਜਾਣ ਦੀ ਸ਼ਕਤੀ ਵਧੇਰੇ ਹੁੰਦੀ ਹੈ। ਪੁਰਾਣੇ ਜ਼ਮਾਨੇ ਦੇ ਲੋਕ ਸਮਝਦੇ ਹਨ ਕਿ ਪੁਰਾਣੇ ਸਮੇਂ ਚੰਗੇ ਸਨ ਪਰ ਹੁਣ ਸਪਸ਼ਟ ਰੂਪ ਵਿਚ ਸਮਝਣ ਦੀ ਲੋੜ ਹੈ ਕਿ ਸਾਡਾ ਭਵਿੱਖ, ਚੰਗੇਰਾ ਅਤੇ ਖੁਸ਼ਹਾਲ ਹੋਵੇਗਾ। ਵਾਸਤਵ ਵਿੱਚ ਮਨੁੱਖ ਵਿਕਾਸ ਕਰਨਾ ਉਦੋਂ ਆਰੰਭ ਕਰਦਾ ਹੈ, ਜਦੋਂ ਉਹ ਵਿਗਿਆਨ ਨੂੰ ਅਪਣਾਉਂਦਾ ਅਤੇ ਭਵਿੱਖ ਵਿਚ ਵਿਸ਼ਵਾਸ ਕਰਨਾ ਸਿਖਦਾ ਹੈ।

ਸਾਡਾ ਬਾਕੀ ਦਾ ਜੀਵਨ ਭਵਿੱਖ ਵਿਚ ਗੁਜ਼ਰਨਾ ਹੈ ਅਤੇ ਅਜ ਸਾਡੇ ਬਾਕੀ ਦੇ ਜੀਵਨ ਦਾ ਪਹਿਲਾ ਦਿਨ ਹੈ।

ਹਰ ਵੇਲੇ ਤਰਕਸ਼ੀਲ ਹੋਣਾ ਪ੍ਰਸੰਨਤਾ ਨਹੀਂ ਸਿਰਜਦਾ, ਭਾਵਕ ਵਰਤਾਰਿਆਂ ਵਿਚ ਅਕਸਰ ਤਰਕ ਨੂੰ ਤਿਆਗਣ ਦੀ ਲੋੜ ਪੈਂਦੀ ਹੈ। ਪਿਆਰ ਦਾ ਭਾਵਕ ਅਨੁਭਵ ਸਾਡੇ ਲੂੰ-ਲੂੰ ਨੂੰ ਪ੍ਰਭਾਵਿਤ ਕਰਦਾ ਹੈ। ਇਸ ਪੁਸਤਕ ਵਿਚ ਨਰ-ਨਾਰੀ ਦੇ ਪਰਸਪਰ ਸੰਬੰਧਾਂ ਅਤੇ ਪਿਆਰ ਨੂੰ ਤਾਰਕਿਕ ਦੇ ਨਾਲ-ਨਾਲ ਭਾਵਕ ਦ੍ਰਿਸ਼ਟੀਕੋਣ ਤੋਂ ਵੀ ਪੇਸ਼ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਅਜਿਹੇ ਵਿਚਾਰਾਂ ਦੇ ਸ਼ਾਬਦਿਕ-ਅਰਥਾਂ ਦੇ ਨਾਲ ਭਾਵ-ਅਰਥਾਂ ਨੂੰ ਜਾਣਨ ਦੀ ਵੀ ਲੋੜ ਪਏਗੀ।

ਜਿਹੜਾ ਅਨੁਭਵ ਲੰਮੇ ਅਤੇ ਵਿਸ਼ਾਲ ਵਰਤਾਰੇ ਵਿਚੋਂ ਉਪਜਿਆ ਹੋਵੇ, ਉਹ ਲੰਮਾ ਅਰਸਾ ਆਧੁਨਿਕ, ਸਮਕਾਲੀ ਅਤੇ ਸਾਰਥਕ ਰਹਿੰਦਾ ਹੈ। ਤਜਰਬੇ ਦੀ ਛਾਨਣੀ ਵਿਚੋਂ ਲੰਘੇ ਅਤੇ ਅਨੁਭਵ ਦੀ ਚਾਟੀ ਵਿੱਚੋਂ ਰਿੜਕੇ ਵਿਚਾਰ, ਤਣਾਓ ਨੂੰ ਦੂਰ ਕਰਦੇ ਹੋਏ, ਸਾਡੇ ਮਨੋਬਲ ਅਤੇ ਵਿਸ਼ਵਾਸ ਨੂੰ ਵਧਾਉਂਦੇ ਹਨ।

ਜੀਵਨ ਕਿਸੇ ਤਰਤੀਬ ਵਿਚ ਨਹੀਂ ਚਲਦਾ, ਘਟਨਾਵਾਂ ਕਿਸੇ ਲੜੀ ਵਿਚ ਨਹੀਂ ਵਾਪਰਦੀਆਂ, ਵਿਚਾਰਾਂ ਦਾ ਕੋਈ ਨਿਸ਼ਚਿਤ ਸਿਲਸਿਲਾ ਨਹੀਂ ਹੁੰਦਾ। ਜੀਵਨ ਦੇ

ਵਿਭਿੰਨ ਰੂਪਾਂ ਅਤੇ ਪੱਖਾਂ ਨੂੰ ਪੇਸ਼ ਕਰਨ ਵਾਲੀ ਇਹ ਇਕ ਖੁਲ੍ਹੀ ਪੁਸਤਕ ਹੈ। ਇਸ ਨੂੰ ਜਿਥੋਂ ਚਾਹੋ ਆਰੰਭ ਕਰ ਸਕਦੇ ਹੋ। ਅਗੇ-ਪਿਛੇ ਅਤੇ ਜਿਧਰ ਜਿਤਨੀ ਦੂਰ ਚਾਹੋ, ਜਾ ਸਕਦੇ ਹੋ। ਇਸ ਦਾ ਹਰੇਕ ਵਿਚਾਰ ਅਤੇ ਹਰ ਪੰਨਾ ਸੁਤੰਤਰ ਹੈ।

ਇਸ ਸੰਗ੍ਰਹਿ ਵਿਚ ਹਰ ਕਿਸੇ ਲਈ ਕੁਝ ਹੈ। ਮੇਰੇ ਇਨ੍ਹਾਂ ਨਿੱਜੀ ਵਿਚਾਰਾਂ ਨੇ ਮੈਨੂੰ ਪ੍ਰਭਾਵਿਤ ਕੀਤਾ ਅਤੇ ਲਾਭ ਪਹੁੰਚਾਇਆ ਹੈ, ਆਸ ਹੈ ਇਹ ਤੁਹਾਡੇ ਲਈ ਵੀ ਲਾਭਕਾਰੀ ਸਿੱਧ ਹੋਣਗੇ। ਇਹ ਸੰਗ੍ਰਹਿ ਜ਼ਿੰਦਗੀ ਦਾ ਬਸਤਾ ਹੈ।

ਹੱਥਲਾ ਸੰਗ੍ਰਹਿ ਦਸ ਸਾਲ ਪਹਿਲਾਂ ਛੱਪੀ ਪੁਸਤਕ, 'ਮਾਲਾ ਮਣਕੇ' ਦਾ ਵਿਸਤਾਰ ਹੈ, ਇਸ ਲਈ ਇਸ ਦਾ ਨਾਂ 'ਮਾਲਾ ਮਣਕੇ-2' ਰਖਿਆ ਗਿਆ ਹੈ।

ਸੈਂਕੜਿਆਂ ਦਾ ਧੰਨਵਾਦ ਕਰਨਾ ਬਣਦਾ ਹੈ, ਧੰਨਵਾਦ ਕਰਨ ਦੇ ਕਾਰਨ ਵੀ ਹਜ਼ਾਰਾਂ ਹਨ। ਆਪਣੀ ਸੋਹਣੀ ਮਾਂ ਅਤੇ ਸੰਤ ਪਿਤਾ, ਜਿਨ੍ਹਾਂ ਨੇ ਜ਼ਿੰਦਗੀ ਦੀ ਸੌਗਾਤ ਦਿਤੀ, ਸੁਘੜ-ਸਿਆਣੀ ਅਤੇ ਸੁਨੱਖੀ ਪ੍ਰੋਫੈਸਰ-ਪਤਨੀ, ਜਿਸਨੇ ਹਰ ਪੜਾਓ 'ਤੇ ਭਾਵਕ ਅਤੇ ਬੌਧਿਕ ਸਹਿਯੋਗ ਦਿਤਾ, ਉਨ੍ਹਾਂ ਅਨੇਕਾਂ ਪੁਰਸ਼ਾਂ-ਇਸਤਰੀਆਂ, ਅਧਿਆਪਕਾਂ-ਵਿਦਿਆਰਥੀਆਂ, ਪ੍ਰੇਮੀ-ਪ੍ਰੇਮਿਕਾਵਾਂ, ਵਿਰੋਧੀਆਂ-ਮਿੱਤਰਾਂ, ਜਾਣੂਆਂ-ਅਜਨਬੀਆਂ ਅਤੇ ਦੋਸਤਾਂ-ਸਹੇਲੀਆਂ ਦਾ ਧੰਨਵਾਦੀ ਹਾਂ, ਜਿਨ੍ਹਾਂ ਨੇ ਆਪਣੇ ਸੰਸੇ, ਸੁਪਨੇ, ਨਿੱਜੀ ਵੇਰਵੇ ਅਤੇ ਜੀਵਨ-ਅਨੁਭਵ ਮੇਰੇ ਨਾਲ ਸਾਂਝੇ ਕੀਤੇ, ਜਿਹੜੇ ਕਿਸੇ ਨਾ ਕਿਸੇ ਰੂਪ ਵਿਚ ਇਸ ਪੁਸਤਕ ਵਿਚ ਦਰਜ ਹਨ।

ਪੜ੍ਹਨ ਲਈ ਇਸ ਪੁਸਤਕ ਨੂੰ ਚੁਣਨ ਲਈ ਤੁਹਾਡਾ ਧੰਨਵਾਦੀ ਹਾਂ।

ਇਹ ਪੁਸਤਕ ਹੈ ਹੀ ਤੁਹਾਡੇ ਲਈ।

ਇਹ ਸੰਗ੍ਰਹਿ ਭੇਟ ਕਰਕੇ ਮੈਂ ਤੁਹਾਡੀਆਂ ਅਸੀਸਾਂ ਕਮਾਉਣੀਆਂ ਹਨ।

ਨਰਿੰਦਰ ਸਿੰਘ ਕਪੂਰ

ਸਾਬਕਾ ਪ੍ਰੋਫੈਸਰ, ਜਰਨਲਿਜ਼ਮ ਵਿਭਾਗ,

ਪੰਜਾਬੀ ਯੂਨੀਵਰਸਿਟੀ, ਪਟਿਆਲਾ,

ਗਣਤੰਤਰ ਦਿਵਸ, 2017

ਉਨ੍ਹਾਂ ਦੇ ਨਾਂ
ਜਿਨ੍ਹਾਂ ਨੂੰ ਪਿਆਰ ਕਰਨ ਦਾ ਸੁਭਾਗ ਮਿਲਿਆ ਅਤੇ
ਜਿਨ੍ਹਾਂ ਨੇ ਮੈਨੂੰ ਆਪਣੇ ਸਨੇਹ ਅਤੇ ਮੁਹੱਬਤ ਦੇ ਯੋਗ ਸਮਝਿਆ।

ਮਾਲਾ ਮਣਕੇ—ਭਾਗ-2

ਪੁਰਾਣੀ ਰੁਕੀ ਹੋਈ ਘੜੀ ਤੋਂ ਗੁਜ਼ਰਿਆ ਹੋਇਆ ਸਮਾਂ ਹੀ ਪਤਾ ਲੱਗਦਾ ਹੈ।

ਕਹਿੰਦੇ ਹਨ ਜੇ ਕਾਲੀ ਬਿੱਲੀ ਦਿਸ ਜਾਵੇ ਤਾਂ ਨੁਕਸਾਨ ਹੁੰਦਾ ਹੈ ਪਰ ਕੀ ਨੁਕਸਾਨ ਹੁੰਦਾ ਹੈ? ਨਿਰਭਰ ਕਰਦਾ ਹੈ ਕਿ ਬਿੱਲੀ ਦਿਸਦੀ ਕਿਸ ਨੂੰ ਹੈ, ਚੂਹੇ ਨੂੰ ਜਾਂ ਕੁੱਤੇ ਨੂੰ।

ਕਈਆਂ ਦਾ ਰੱਬ ਵਿਚ ਵਿਸ਼ਵਾਸ ਨਹੀਂ ਹੁੰਦਾ ਪਰ ਰੱਬ ਦਾ ਉਨ੍ਹਾਂ ਵਿਚ ਹੁੰਦਾ ਹੈ।

ਜਿਵੇਂ ਸਾਨੂੰ ਕਿਸੇ ਦੀਆਂ ਸਾਰੀਆਂ ਅਸਫਲਤਾਵਾਂ ਦਾ ਪਤਾ ਨਹੀਂ ਲੱਗਦਾ, ਇਵੇਂ ਹੀ ਕਿਸੇ ਨੂੰ ਸਾਡੀਆਂ ਸਾਰੀਆਂ ਹਾਰਾਂ ਦੀ ਜਾਣਕਾਰੀ ਨਹੀਂ ਹੁੰਦੀ।

ਆਪਣੇ ਹਿਸਾਬ ਨਾਲ ਹਰ ਕੋਈ ਠੀਕ ਹੁੰਦਾ ਹੈ, ਸਾਡੇ ਹਿਸਾਬ ਨਾਲ ਕੋਈ ਕੋਈ, ਕਦੇ ਕਦੇ ਠੀਕ ਹੁੰਦਾ ਹੈ।

ਨਿਰਾਸ਼, ਮਾਯੂਸ, ਦੁੱਖੀ ਹੋਣਾ ਮਨੁੱਖ ਦੇ ਸੁਭਾਓ ਵਿਚ ਹੈ, ਪ੍ਰਸੰਨ ਹੋਣ ਦੀ ਆਦਤ ਪਾਉਣੀ ਪੈਂਦੀ ਹੈ।

ਇਸਤਰੀ ਨੂੰ ਪਰਿਵਾਰ ਦੀ, ਬੱਚਿਆਂ ਨੂੰ ਪਿਆਰ ਦੀ, ਜਵਾਨਾਂ ਨੂੰ ਅਧਿਕਾਰ ਦੀ ਅਤੇ ਬਜ਼ੁਰਗਾਂ ਨੂੰ ਸਤਿਕਾਰ ਦੀ ਲੋੜ ਹੁੰਦੀ ਹੈ।

ਪੱਤਰਕਾਰੀ ਸਮਾਜ ਦੀ ਚਲੰਤ, ਆਰਜ਼ੀ ਸੋਚ ਨੂੰ ਪੇਸ਼ ਕਰਦੀ ਹੈ। ਸਮਾਜ ਦੀ ਹੰਢਣਸਾਰ ਸੋਚ ਨੂੰ ਸਾਹਿਤ ਪੇਸ਼ ਕਰਦਾ ਹੈ। ਧਾਰਮਿਕ ਗ੍ਰੰਥ ਸਦੀਵੀ ਸੋਚ ਨੂੰ ਪੇਸ਼ ਕਰਨ ਦਾ ਦਾਅਵਾ ਕਰਦੇ ਹਨ।

ਅਸਪੱਸ਼ਟ ਸੋਚ ਵਾਲੇ ਲੋਕ ਤੇਜ਼ ਅਤੇ ਉੱਚਾ ਬੋਲਦੇ ਹਨ।

ਸੋਚਣ, ਵਿਸ਼ਲੇਸ਼ਣ ਕਰਨ, ਅਤੀਤ ਨੂੰ ਵਰਤਮਾਨ ਦੇ ਸੰਦਰਭ ਵਿਚ ਸਮਝਣ ਤੋਂ ਬਿਨਾਂ, ਭਵਿੱਖ ਬਾਰੇ ਵਿਉਂਤਬੰਦੀ ਨਹੀਂ ਕੀਤੀ ਜਾ ਸਕਦੀ।

ਦੀਵਾਲੀ ਲੰਘਣ ਉਪਰੰਤ ਵਜਾਏ ਪਟਾਖੇ, ਮੂਰਖਤਾ ਦਾ ਸਬੂਤ ਹੁੰਦੇ ਹਨ।

ਅੱਖਾਂ ਬੰਨ੍ਹ ਕੇ ਭੋਜਨ ਖਾਧਾ-ਮਾਣਿਆ ਨਹੀਂ ਜਾ ਸਕਦਾ, ਖਾਣ ਸਮੇਂ ਭੋਜਨ ਨੂੰ ਵੇਖਣਾ ਜ਼ਰੂਰੀ ਹੁੰਦਾ ਹੈ।

ਕੇਵਲ ਪੈਂਤੀ ਪ੍ਰਤੀਸ਼ਤ ਨੰਬਰ ਲੈ ਕੇ ਪਾਸ ਹੋਣ ਵਾਲੇ ਵਿਦਿਆਰਥੀ, ਪੈਂਹਠ ਪ੍ਰਤੀਸ਼ਤ ਭੀੜ ਦਾ ਭਾਗ ਬਣਦੇ ਹਨ।

ਪ੍ਰੇਸ਼ਾਨੀ ਦਾ ਕਾਰਨ, ਅਤੀਤ ਦਾ ਪਛਤਾਵਾ ਜਾਂ ਭਵਿੱਖ ਦਾ ਡਰ ਹੁੰਦਾ ਹੈ।

ਜੇ ਸਰੀਰ ਵਿਚ ਤਕਲੀਫ ਹੈ ਤਾਂ ਮਨ ਵੀ ਪੀੜਤ ਹੋਵੇਗਾ।

ਲੋਕਾਂ ਨਾਲੋਂ ਟੁੱਟਿਆ ਹਾਕਮ ਜ਼ਾਲਮ ਹੀ ਹੋ ਸਕਦਾ ਹੈ।

ਤੈਰਿਆ ਉੱਥੇ ਹੀ ਜਾ ਸਕਦਾ ਹੈ, ਜਿੱਥੇ ਡੁੱਬਣ ਜਿਤਨਾ ਪਾਣੀ ਹੋਵੇ।

ਔਖਾ ਪੜ੍ਹਾਉਣਾ ਬੜਾ ਸੌਖਾ ਹੁੰਦਾ ਹੈ, ਸੌਖਾ ਪੜ੍ਹਾਉਣਾ ਬੜਾ ਮੁਸ਼ਕਿਲ ਹੁੰਦਾ ਹੈ। ਚੰਗਾ ਅਧਿਆਪਕ ਸੌਖਾ ਪੜ੍ਹਾਉਂਦਾ ਹੈ, ਉਸ ਕੋਲ ਸਾਰੀਆਂ ਮੁਸ਼ਕਿਲਾਂ ਦੇ ਜਿੰਦਿਆਂ ਦੀਆਂ ਕੁੰਜੀਆਂ ਹੁੰਦੀਆਂ ਹਨ।

ਭਾਰਤੀ ਰਾਜਨੀਤਕ ਚਿੰਤਨ, ਚਾਣਕਯ ਤੋਂ ਅੱਗੇ ਨਹੀਂ ਗਿਆ।

ਯਤਨਾਂ ਦੇ ਸਿੱਟੇ ਹਮੇਸ਼ਾ ਯੋਗਤਾ ਦੇ ਅਨੁਪਾਤ ਵਿਚ ਨਿਕਲਦੇ ਹਨ।

ਕੰਧ ਉੱਤੇ ਸਭ ਤੋਂ ਸੋਹਣਾ ਚਿੱਤਰ, ਖਿੜਕੀ ਹੁੰਦੀ ਹੈ।

ਗਿਆਨ ਹੋ ਜਾਣ ਉਪਰੰਤ, ਬੁੱਧ ਮਹਿਲ ਵਾਪਸ ਜਾ ਸਕਦਾ ਸੀ ਪਰ ਨਹੀਂ ਗਿਆ, ਕਿਉਂਕਿ ਮੁੱਲਵਾਨ ਅਤੇ ਮੁੱਲਹੀਣ ਦਾ ਗਿਆਨ ਹੋ ਗਿਆ ਸੀ।

ਕਮਾਓ ਜਿਤਨਾ ਮਰਜ਼ੀ, ਖ਼ਰਚ ਵੀ ਜਿਤਨਾ ਮਰਜ਼ੀ ਕਰੋ, ਵੱਡੀਆਂ ਖੁਸ਼ੀਆਂ, ਨਿੱਕੀਆਂ ਚੀਜ਼ਾਂ ਤੋਂ ਮਿਲਦੀਆਂ ਹਨ।

ਜਿਸ ਦੀ ਨਵੇਂ ਵਿਚ ਦਿਲਚਸਪੀ ਮੁੱਕ ਜਾਂਦੀ ਹੈ, ਉਹ ਭਾਵੇਂ ਵੀਹ ਦਾ ਹੋਵੇ, ਭਾਵੇਂ ਪੰਜਾਹ ਦਾ, ਉਹ ਬੁੱਢਾ ਅਖਵਾਉਂਦਾ ਹੈ।

ਭਾਰਤ ਵਿਚ ਆਪਣਾ ਸਾਰਾ ਜ਼ੋਰ 'ਮੈਂ' ਨੂੰ ਨਕਾਰਨ, ਭੰਡਣ, ਕੁਚਲਣ, ਦਬਾਉਣ ਵਿਚ ਲਾਉਂਦੇ ਰਹਿਣ ਕਾਰਨ, ਸਾਡੇ ਵਿਚ ਸਵੈ-ਵਿਸ਼ਵਾਸ ਉਸਰਿਆ ਹੀ ਨਹੀਂ।

ਬਹੁਤੇ ਲੋਕ ਆਪ ਸੋਚਣ ਤੋਂ ਬਚਣ ਵਾਸਤੇ, ਕਿਸੇ ਸਿਧਾਂਤ ਜਾਂ ਵਿਚਾਰਧਾਰਾ ਨੂੰ ਅਪਨਾ ਲੈਂਦੇ ਹਨ।

ਬਜ਼ੁਰਗ ਉਨ੍ਹਾਂ ਦਰੱਖਤਾਂ ਵਰਗੇ ਹੁੰਦੇ ਹਨ, ਜਿਨ੍ਹਾਂ ਤੋਂ ਫਲ ਤਾਂ ਭਾਵੇਂ ਨਹੀਂ ਮਿਲਦੇ ਪਰ ਸੁਖਾਵੀਂ ਛਾਂ ਬੜੀ ਮਿਲਦੀ ਹੈ।

ਗ਼ੁਲਾਮ ਦੇਸ਼ ਦੇ ਆਜ਼ਾਦ ਹੋਣ ਦੀ ਪ੍ਰਕਿਰਿਆ ਬੜੀ ਗੁੰਝਲਦਾਰ ਹੁੰਦੀ ਹੈ। ਅਸੀਂ ਆਜ਼ਾਦ ਹੋ ਵੀ ਗਏ ਹਾਂ ਪਰ ਨਹੀਂ ਵੀ ਹੋਏ। ਭਾਰਤ ਆਜ਼ਾਦ ਹੋ ਗਿਆ ਹੈ, ਭਾਰਤੀਆਂ ਦਾ ਆਜ਼ਾਦ ਹੋਣਾ ਰਹਿੰਦਾ ਹੈ।

ਕੋਈ ਆਪਣੇ ਪੁੱਤਰ ਦਾ ਨਾਂ ਰਾਵਣ ਜਾਂ ਧੀ ਦਾ ਨਾਂ ਕੈਕੇਈ ਨਹੀਂ ਰੱਖਦਾ। ਅਜਿਹਾ ਕਰਕੇ ਲੋਕ ਰਾਵਣ ਅਤੇ ਕੈਕੇਈ ਤੋਂ ਬਦਲਾ ਲੈਂਦੇ ਹਨ।

ਜਿਸ ਸਵੇਰ ਦੀ ਉਡੀਕ ਹੋਵੇ, ਉਸ ਤੋਂ ਪਹਿਲੀ ਰਾਤ ਗੁਜ਼ਰਦੀ ਹੀ ਨਹੀਂ।

ਪਿਆਰ ਦੇ ਮੁਕੱਦਮਿਆਂ ਵਿਚ ਅਪੀਲ ਨਹੀਂ ਹੁੰਦੀ।

ਹੌਲੀ-ਹੌਲੀ ਵਿਚਾਰਧਾਰਾ ਵਿਚੋਂ ਵਿਚਾਰ ਖ਼ਤਮ ਹੋ ਜਾਂਦੇ ਹਨ, ਅਜਿਹੀ ਸਥਿਤੀ ਵਿਚ ਕੱਟੜਵਾਦ ਪ੍ਰਧਾਨ ਹੋ ਜਾਂਦਾ ਹੈ।

ਬੁਢਾਪੇ ਦਾ ਲਾਭ ਇਹ ਹੈ ਕਿ ਯਾਦਾਂ ਦਾ ਅਮੁੱਕ ਭੰਡਾਰ ਹੁੰਦਾ ਹੈ ਪਰ ਨੁਕਸਾਨ ਇਹ ਹੈ ਕਿ ਕੋਈ ਸੁਣਦਾ ਨਹੀਂ।

ਪਿਆਰੇ ਅਤੇ ਨਿੱਘੇ ਰਿਸ਼ਤੇ ਦੇ ਟੁੱਟ ਜਾਣ ਨਾਲ ਉਦਾਸੀ ਨਾਲੋਂ ਵੀ ਇਕੱਲਤਾ ਵਧੇਰੇ ਪ੍ਰੇਸ਼ਾਨ ਕਰਦੀ ਹੈ।

ਜ਼ਿੰਦਗੀ ਦੀਆਂ ਗ਼ਲਤੀਆਂ ਦੀ ਕੀਮਤ ਤਾਰਨੀ ਪੈਂਦੀ ਹੈ, ਜਿਹੜੇ ਇਨਕਾਰੀ ਹੁੰਦੇ ਹਨ, ਉਨ੍ਹਾਂ ਤੋਂ ਜ਼ਿੰਦਗੀ ਕੀਮਤ ਵਸੂਲ ਕਰ ਲੈਂਦੀ ਹੈ।

ਸਫਲਤਾ ਦੀ, ਸਫਲਤਾ ਨਾਲ ਨਕਲ ਨਹੀਂ ਮਾਰੀ ਜਾ ਸਕਦੀ।

ਪ੍ਰੇਮੀ-ਪ੍ਰੇਮਿਕਾ ਦੋਹਾਂ ਨੂੰ ਹਰ ਵੇਲੇ ਕੋਈ ਨਾ ਕੋਈ ਤੌਖਲਾ ਘੇਰੀ ਰੱਖਦਾ ਹੈ।

ਕਿਸੇ ਦੇ ਗੁਣਵਾਨ ਅਤੇ ਚੰਗੇ ਹੋਣ ਦਾ ਕੋਈ ਅਰਥ ਨਹੀਂ, ਲਾਭਕਾਰੀ ਅਤੇ ਸਹਿਯੋਗੀ ਹੋਣਾ ਵੀ ਜ਼ਰੂਰੀ ਹੁੰਦਾ ਹੈ।

ਸੰਸਾਰ ਵਿਚ ਕੇਵਲ ਸਫਲਤਾ ਦਾ ਸਿੱਕਾ ਚੱਲਦਾ ਹੈ।

ਭਾਰਤ ਵਿਚ ਜਦੋਂ ਕਿਸੇ ਨੂੰ ਭੰਡਣਾ-ਨਿੰਦਣਾ ਹੋਵੇ ਤਾਂ ਉਸ ਦਾ ਅਤੀਤ ਅਤੇ ਪਿਛੋਕੜ ਫਰੋਲਿਆ ਜਾਂਦਾ ਹੈ।

ਲੜਕੀ ਦੇ ਵਿਆਹ ਵਿਚ ਰੌਣਕ ਉਸ ਦੀਆਂ ਫੁਲਝੜੀਆਂ ਵਾਂਗ ਜਗਣ ਵਾਲੀਆਂ ਸਹੇਲੀਆਂ ਲਾਉਂਦੀਆਂ ਹਨ।

ਸ਼ਿੰਗਾਰ ਦਾ ਸਾਮਾਨ ਚੰਗਾ ਹੋਣ ਕਰਕੇ ਨਹੀਂ, ਪਸੰਦ ਹੋਣ ਕਰਕੇ ਵਿਕਦਾ ਹੈ।

ਇਸਤਰੀ ਦਾ ਅਪਮਾਨ ਕਿਸੇ ਕੁਤਾਹੀ ਕਾਰਨ ਨਹੀਂ ਹੁੰਦਾ, ਕੁਤਾਹੀ ਮਗਰੋਂ ਜੋ ਕਿਹਾ ਜਾਂਦਾ ਹੈ, ਉਸ ਨਾਲ ਹੁੰਦਾ ਹੈ, ਕਿਉਂਕਿ ਹਰ ਕੋਈ ਉਂਗਲ ਉਠਾਉਣ ਲੱਗ ਪੈਂਦਾ ਹੈ।

ਰਾਜਨੀਤੀ ਵਿਚ ਹਰ ਵੇਲੇ ਕਈ ਵਿਕ ਰਹੇ ਅਤੇ ਕਈ ਖਰੀਦੇ ਜਾ ਰਹੇ ਹੁੰਦੇ ਹਨ।

ਕਈ ਵਿਆਹੀਆਂ ਤਾਂ ਜਾਂਦੀਆਂ ਹਨ ਪਰ ਵਸਦੀਆਂ ਨਹੀਂ, ਕਈ ਪੁਰਸ਼ ਤਾਂ ਹੁੰਦੇ ਹਨ ਪਰ ਪਤੀ ਨਹੀਂ ਬਣਦੇ।

ਅਸੀਸ, ਪੈਰੀਂ ਪੈਣ ਨਾਲ ਹੀ ਮਿਲਦੀ ਹੈ।

ਕਈ ਹੁੰਦੇ ਤਾਂ ਸੰਗਮਰਮਰ ਹਨ ਪਰ ਖਿਲਰੇ ਹੋਏ ਉਹ ਰੇਤ ਵਾਂਗ ਹੁੰਦੇ ਹਨ।

ਮਾਪਿਆਂ ਦਾ ਬੱਚੇ ਨੂੰ ਪਾਲਣ-ਪੋਸਣ ਦਾ ਢੰਗ, ਉਸ ਬੱਚੇ ਨੂੰ ਸੰਕਟ ਬਰਦਾਸ਼ਤ ਕਰਨ ਦੀ ਵਿਧੀ, ਸੰਸਾਰ ਨਾਲ ਵਰਤਣ ਦਾ ਢੰਗ ਅਤੇ ਮੁਸ਼ਕਿਲ ਦਾ ਸਾਹਮਣਾ ਕਰਨ ਦੀ ਜੁਗਤ ਦੀ ਸਿਖਲਾਈ ਵੀ ਦੇ ਰਿਹਾ ਹੁੰਦਾ ਹੈ।

ਸਭ ਤੋਂ ਵਧੇਰੇ ਨਿਜੀ ਅਨੁਭਵ ਸਰੀਰਕ ਪੀੜ ਦਾ ਹੁੰਦਾ ਹੈ।

ਜੋ ਦਿਲਚਸਪੀ ਲਏਗਾ, ਉਹ ਜਾਣੇਗਾ ਵੀ, ਸਿੱਖੇਗਾ ਵੀ।

ਪਿਆਰ, ਕਾਮ ਦੀ ਪਸ਼ੂ-ਬਿਰਤੀ ਨੂੰ, ਸਤਿਕਾਰਯੋਗ ਬਣਾ ਦਿੰਦਾ ਹੈ।

ਅਖ਼ਲਾਕ ਦੀ ਉੱਤਪਤੀ, ਮਨੁੱਖੀ ਮਨ ਵਿਚ ਉਪਜਣ ਵਾਲੀਆਂ ਭਾਂਤ-ਭਾਂਤ ਦੀਆਂ ਪਰਸਪਰ ਵਿਰੋਧੀ ਬਿਰਤੀਆਂ ਕਾਰਨ ਹੋਈ ਹੈ।

ਭੁੱਖ ਸਮੇਂ ਭੋਜਨ ਦੀ ਤਾਂਘ ਅਤੇ ਕਾਮ ਦੀ ਇੱਛਾ ਇਕੋ ਵੇਲੇ ਨਹੀਂ ਉਪਜਦੀਆਂ, ਇਕ ਜਾਗੀ ਹੋਵੇ, ਦੂਜੀ ਸੌਂ ਜਾਂਦੀ ਹੈ। ਇਹ ਅਕਸਰ ਅੱਗੇ-ਪਿੱਛੇ ਉਪਜਦੀਆਂ ਹਨ। ਜਦੋਂ ਵੱਡਾ ਡਰ ਜਾਂ ਖ਼ਤਰਾ ਹੋਵੇ, ਇਹ ਦੋਵੇਂ ਸੌਂ ਜਾਂਦੀਆਂ ਹਨ। ਜਦੋਂ ਪੂਰਨ ਸੁਰੱਖਿਆ ਹੋਵੇ, ਇਹ ਟਕਰਾਉਂਦੀਆਂ ਹਨ।

ਭਾਰਤ ਵਿਚ ਕੋਈ ਵਰਤਾਰਾ, ਪੂਰੀ ਤਰ੍ਹਾਂ ਪ੍ਰਵਾਨ ਤਾਂ ਹੀ ਹੁੰਦਾ ਹੈ, ਜੇ ਅਤੇ ਜਦੋਂ ਸਮਾਜ ਵਲੋਂ ਸਵੀਕਾਰਿਆ ਜਾਵੇ, ਕਾਨੂੰਨ ਵਲੋਂ ਮੰਨਿਆ ਜਾਵੇ ਅਤੇ ਧਰਮ ਵਲੋਂ ਪ੍ਰਵਾਨਿਆ ਜਾਵੇ, ਜਿਵੇਂ ਵਿਆਹ ਹੁੰਦਾ ਹੈ।

ਜਿਸ ਦੀ ਤੀਬਰ ਕਲਪਨਾ ਵਿਚ ਅਨੁਸ਼ਾਸਨ ਹੁੰਦਾ ਹੈ, ਉਹ ਕਲਾਕਾਰ ਬਣ ਜਾਂਦਾ ਹੈ। ਜਿਸ ਦੀ ਕਲਪਨਾ ਵਿਚ ਅਨੁਸ਼ਾਸਨ ਨਹੀਂ ਹੁੰਦਾ ਉਹ ਪਾਗਲਖਾਨੇ ਪਹੁੰਚ ਜਾਂਦਾ ਹੈ।

ਪਹਿਲਾ ਪਿਆਰ, ਸਭ ਤੋਂ ਵੱਧ ਜ਼ੋਰਦਾਰ ਹੁੰਦਾ ਹੈ ਪਰ ਇਹ ਕੱਚਾ ਅਤੇ ਬਚਕਾਨਾ ਹੁੰਦਾ ਹੈ। ਜਿਹੜੇ ਪਹਿਲੇ ਹੀ ਪਿਆਰ ਨੂੰ ਵਿਆਹ ਬਣਾ ਲੈਂਦੇ ਹਨ, ਉਹ ਪਛਤਾਉਂਦੇ ਹਨ, ਕਿਉਂਕਿ ਅਜਿਹਾ ਵਿਆਹ, ਅਤਿ-ਭਾਵਕ ਹੋ ਕੇ ਕੀਤਾ ਜਾਂਦਾ ਹੈ, ਜਿਸ ਦਾ ਯਥਾਰਥ ਨਾਲ ਟਕਰਾਉਣਾ ਲਾਜ਼ਮੀ ਹੁੰਦਾ ਹੈ।

ਪੜ੍ਹਨ ਦੀ ਮੁਹਾਰਤ, ਪੜ੍ਹਨ ਦਾ ਹੁਨਰ, ਪੜ੍ਹਨ ਦੀ ਤਾਂਘ, ਪੜ੍ਹਨ ਦੀ ਆਦਤ ਵਿਚੋਂ, ਤੁਹਾਨੂੰ ਕਿਹੜੀ ਹੈ ?

ਕਾਮ ਅਤੇ ਪਿਆਰ ਵਿਚਲਾ ਦਵੰਦ ਮਨੁੱਖੀ ਬੁੱਧੀ ਦੇ ਵਿਕਾਸ ਅਤੇ ਭਾਵਕ ਪਰਪੱਕਤਾ ਲਈ ਬੜਾ ਸਾਰਥਕ ਹੁੰਦਾ ਹੈ। ਪਿਆਰ ਕਰਨਾ ਭਾਵਕ ਅਮਲ ਹੈ, ਤਾਰਕਿਕ ਵਿਹਾਰ ਨਹੀਂ। ਯਥਾਰਥਕ ਸੰਸਾਰ ਰੁਕਾਵਟ ਬਣਦਾ ਹੈ। ਦੋਹਾਂ ਵਲੋਂ ਰੁਕਾਵਟਾਂ ਨੂੰ ਉਲੰਘਣ ਦੇ ਉਪਰਾਲਿਆਂ ਨਾਲ ਭਾਵਕ ਅਤੇ ਮਾਨਸਿਕ ਵਿਕਾਸ ਵਾਪਰਦਾ ਹੈ।

ਮਾਂ-ਬੋਲੀ ਕੇਵਲ ਮਾਂ-ਬੋਲੀ ਹੋਣ ਕਰਕੇ ਹੀ ਮਹੱਤਵਪੂਰਨ ਨਹੀਂ ਹੁੰਦੀ। ਇਸ ਵਿਚ ਸਾਡੇ ਪੁਰਖਿਆਂ ਦੀਆਂ ਸੋਚਾਂ, ਅਨੁਭਵਾਂ, ਸੁਪਨਿਆਂ, ਉਮੰਗਾਂ ਦਾ ਪ੍ਰਗਟਾਵਾ ਹੋਇਆ ਹੁੰਦਾ ਹੈ, ਇਸ ਕਾਰਨ ਇਹ ਹੋਰ ਸਾਰੀਆਂ ਬੋਲੀਆਂ ਨਾਲੋਂ ਸਾਡੇ ਲਈ ਵਧੇਰੇ ਅਮੀਰ ਅਤੇ ਮਹੱਤਵਪੂਰਨ ਹੁੰਦੀ ਹੈ।

ਵਿਗਿਆਨਕ ਕਲਪਨਾ ਦਾ ਵੇਰਵਾ: ਜੁਪੀਟਰ 'ਤੇ ਉਹ ਨਾਸ਼ਤਾ ਕਰਨ ਗਿਆ ਸੀ ਸ਼ਾਇਦ ਉਥੋਂ ਵੀਨਸ ਵੱਲ ਨਿਕਲ ਗਿਆ ਹੋਵੇ। ਪਤਾ ਨਹੀਂ ਵਾਪਸ ਕਦੋਂ ਆਵੇਗਾ, ਦੋ ਲੱਖ ਸਾਲ ਤਾਂ ਹੋ ਗਏ ਹਨ।

ਸੱਚ ਬੋਲ ਕੇ ਇਸ਼ਤਿਹਾਰਬਾਜ਼ੀ ਨਹੀਂ ਕੀਤੀ ਜਾ ਸਕਦੀ, ਇਸ ਲਈ ਹਰੇਕ ਇਸ਼ਤਿਹਾਰ ਵਿਚ ਇੱਕ ਸੁਪਨਾ ਉਸਾਰਿਆ ਜਾਂਦਾ ਹੈ।

ਹੁਣ ਦਾਨ ਦੇਣਾ ਵੀ ਕਮਾਈ ਦਾ ਸਾਧਨ ਹੈ। ਹੁਣ ਸੇਵਾ ਵੀ ਵਪਾਰ ਹੈ।

ਕੀ ਕਿਤਾਬਾਂ ਪੜ੍ਹਨਾ ਮਨੋਰੰਜਨ ਹੈ? ਸਿਨੇਮੇ ਜਾਣ ਵਾਲਾ ਮਨੋਰੰਜਨ ਤਾਂ ਨਹੀਂ, ਪਿਆਰ ਕਰਨ ਵਾਲਾ ਮਨੋਰੰਜਨ ਵੀ ਨਹੀਂ। ਜੇ ਕਿਤਾਬਾਂ ਪੜ੍ਹਨ ਦਾ ਸ਼ੌਕ ਹੋਵੇ ਤਾਂ ਇਹ ਆਪਣੀ ਕਿਸਮ ਦਾ ਨਿਆਰਾ ਮਨੋਰੰਜਨ ਹੈ।

ਘਰ ਵਿਚ ਕਿਤਾਬਾਂ-ਮੈਗਜ਼ੀਨ ਹੋਣੇ ਚਾਹੀਦੇ ਹਨ, ਜਿਵੇਂ ਸ਼ਹਿਰ ਵਿਚ ਬਾਗ਼-ਪਾਰਕ ਹੋਣੇ ਚਾਹੀਦੇ ਹਨ।

ਲੋੜ, ਕਾਢ ਨੂੰ ਸੰਭਵ ਬਣਾਉਂਦੀ ਹੈ, ਕਾਢ ਹੋਰ ਲੋੜਾਂ ਅਤੇ ਸੰਭਾਵਨਾਵਾਂ ਉਪਜਾਉਂਦੀ ਹੈ। ਛਾਪੇਖਾਨੇ ਦੀ ਕਾਢ ਨੇ, ਸਕੂਲ-ਕਾਲਜ, ਸ਼ਹਿਰ, ਵਿਗਿਆਨ, ਪਰਜਾਤੰਤਰ ਅਤੇ ਆਧੁਨਿਕਤਾ ਨੂੰ ਸਿਰਜਿਆ ਹੈ।

ਜਿਨ੍ਹਾਂ ਨੂੰ ਕਿਤਾਬਾਂ ਪੜ੍ਹਨ ਦੀ ਆਦਤ ਨਹੀਂ ਹੁੰਦੀ, ਉਹ ਜਦੋਂ ਕਿਤਾਬ ਪੜ੍ਹਦੇ ਹਨ, ਉਨ੍ਹਾਂ ਨੂੰ ਨੀਂਦਰ ਆ ਜਾਂਦੀ ਹੈ। ਪੜ੍ਹਨ ਦੀ ਆਦਤ ਆਪ ਨਹੀਂ ਹੁੰਦੀ, ਨੁਕਸ ਕਿਤਾਬ ਵਿਚ ਕੱਢਿਆ ਜਾਂਦਾ ਹੈ।

ਸਮਾਜਿਕ ਝਗੜੇ, ਟਕਰਾਓ ਉਸਾਰਦੇ ਹਨ ਪਰ ਸਮਾਜ ਨੂੰ ਸਮੇਂ ਦੇ ਹਾਣ ਦਾ ਵੀ ਬਣਾਉਂਦੇ ਹਨ।

ਪਹਿਲਾਂ ਪੜ੍ਹਨ ਦੀ ਆਦਤ ਪਾਓ, ਸੋਚਣ ਦੀ ਆਦਤ ਆਪੇ ਪੈ ਜਾਵੇਗੀ।

ਹਰ ਨਵੀਂ ਕਾਢ, ਨਵਾਂ ਪਤਵੰਤਾ ਵਰਗ ਉਸਾਰਦੀ ਹੈ। ਕਾਰਾਂ, ਹਵਾਈ ਜਹਾਜ਼ਾਂ ਨੇ ਨਵੇਂ ਵਰਗ ਉਸਾਰੇ ਹਨ। ਹਰ ਨਵੀਂ ਕਾਢ ਨਵੇਂ ਟਕਰਾਓ, ਨਵੇਂ ਰਿਸ਼ਤੇ, ਨਵੀਆਂ ਸਮੱਸਿਆਵਾਂ ਵੀ ਉਸਾਰਦੀ ਹੈ।

ਤੂੰ ਆਇਆ ਕਿਉਂ ਨਹੀਂ, ਮੈਂ ਉਡੀਕਦੀ ਰਹੀ? ਆਇਆ ਸੀ, ਘਰ ਨਹੀਂ ਲੱਭਿਆ। ਤੂੰ ਮਾਲ ਰੋਡ ਲੱਭਦਾ ਰਿਹਾ ਹੋਵੇਂਗਾ, ਦਿਲ ਦੇ ਰਸਤੇ ਆਉਣਾ ਸੀ।

ਕਈ ਵਾਰੀ ਉਹ ਕੰਮ, ਜਿਹੜੇ ਸਾਡੇ ਕੰਮ ਨਹੀਂ ਹੁੰਦੇ, ਉਹ ਕਰਦਿਆਂ ਸਾਨੂੰ ਪਤਾ ਲੱਗਦਾ ਹੈ ਕਿ ਅਸੀਂ ਕੀ-ਕੀ ਨਵਾਂ ਕਰ ਸਕਦੇ ਹਾਂ।

ਉਹ ਕਥਨ ਹੀ ਯਾਦ ਰਹਿੰਦੇ ਹਨ, ਜਿਨ੍ਹਾਂ ਵਿਚ ਸਮੁੱਚੇ ਸਮਾਜ ਦੀ ਸਾਂਝੀ ਰਾਇ ਅਤੇ ਵਿਸ਼ਾਲ ਅਨੁਭਵ ਹੁੰਦਾ ਹੈ।

ਕੇਵਲ ਮੌਖਿਕ ਸੰਚਾਰ ਵਾਲਾ ਸਮਾਜ, ਪੱਛੜਿਆ ਹੀ ਹੋ ਸਕਦਾ ਹੈ। ਛਾਪੇਖਾਨੇ ਦੇ ਆਉਣ ਨਾਲ ਪਰਿਵਰਤਨ ਦੀ ਪ੍ਰਕਿਰਿਆ ਆਰੰਭ ਹੁੰਦੀ ਹੈ।

ਜੋ ਪੁਸਤਕਾਂ ਪੜ੍ਹੇਗਾ, ਉਹ ਨਵੀਨਤਾ, ਪਰਿਵਰਤਨ ਅਤੇ ਵਿਕਾਸ ਦਾ ਪੱਖ ਪੂਰੇਗਾ, ਉਹ ਪਰੰਪਰਾ ਨੂੰ ਵੰਗਾਰੇਗਾ।

ਆਈਨਸਟੀਨ ਨੇ ਬ੍ਰਹਿਮੰਡ ਦਾ ਸੰਕਲਪ ਹੀ ਬਦਲ ਦਿੱਤਾ ਹੈ, ਜਿਸ ਨਾਲ ਗੈਰ-ਵਿਗਿਆਨਕ ਸੋਚ ਦਾ ਪ੍ਰਭਾਵ ਘਟਿਆ ਹੈ। ਹੁਣ ਸੰਸਾਰ, ਸਾਡੇ ਬਜ਼ੁਰਗਾਂ ਵਾਲਾ ਸੰਸਾਰ ਨਹੀਂ ਰਿਹਾ।

• ਰੁਝੇ ਹੋਏ ਲੋਕ ਲੰਮਾ ਜੀਵਨ ਜਿਉਂਦੇ ਹਨ। ਜੇ ਰੁਝੇਵੇਂ ਨਹੀਂ ਤਾਂ ਪੈਦਾ ਕਰੋ।

ਪੁਸਤਕਾਂ, ਸਾਨੂੰ ਧਾਰਮਕ ਸਥਾਨ ਵਾਲੇ, ਮੌਖਿਕ ਸੰਚਾਰ ਵਾਲੇ, ਸਮੂਹਿਕ ਜੀਵਨ ਤੋਂ ਮੁਕਤ ਕਰਕੇ ਵਿਅਕਤੀਗਤ ਜੀਵਨ ਜਿਉਣ ਦੇ ਯੋਗ ਬਣਾਉਂਦੀਆਂ ਹਨ। ਇਵੇਂ ਵਿਅਕਤੀ ਭਾਵਕ ਤੋਂ ਤਾਰਕਿਕ ਹੋ ਜਾਂਦਾ ਹੈ।

ਹੁਣ ਕਿਸੇ ਦੀ ਕਿਸੇ ਕੰਮ ਵਿਚ ਭਾਵਕ ਦਿਲਚਸਪੀ ਨਹੀਂ ਰਹੀ, ਜਿਸ ਕਾਰਨ ਜੀਵਨ ਵਿਚ ਅਕੇਵਾਂ ਵੱਧ ਗਿਆ ਹੈ।

•ਕਈ ਕਹਿੰਦੇ ਹਨ, ਅਪਰਾਧਾਂ ਨੂੰ ਰੋਕਣ ਵਾਸਤੇ ਸਜ਼ਾਵਾਂ ਹੋਰ ਸਖ਼ਤ ਕਰਨੀਆਂ ਚਾਹੀਦੀਆਂ ਹਨ। ਕੁਝ ਕਹਿੰਦੇ ਹਨ, ਅਪਰਾਧਾਂ ਨੂੰ ਰੋਕਣ ਵਾਸਤੇ ਨੈਤਿਕ ਵਿਦਿਆ ਦੇਣੀ ਵਧੇਰੇ ਯੋਗ ਹੋਵੇਗੀ।

•ਪੰਛੀਆਂ ਦਾ ਕਿਸੇ ਥਾਂ 'ਤੇ ਹੋਣਾ, ਉਸ ਥਾਂ ਦੇ ਚੰਗੀ ਹੋਣ ਦਾ ਸੰਕੇਤ ਹੁੰਦਾ ਹੈ। ਪੰਛੀ ਉੱਥੇ ਹੀ ਰਹਿੰਦੇ ਹਨ, ਜਿੱਥੇ ਸੁਰੱਖਿਆ ਅਤੇ ਭੋਜਨ ਹੋਣ ਅਤੇ ਜਿੱਥੇ ਜ਼ਿੰਦਗੀ ਦਾ ਹੁੰਗਾਰਾ ਹੋਵੇ। ਉੱਥੇ ਜਾਓ ਜਿੱਥੇ ਪੰਛੀ ਹੁੰਦੇ ਹਨ। ਯੋਰਪ ਵਿਚ, ਜੰਗਲਾਂ ਵਿਚ, ਬਾਗਾਂ ਵਾਲੀ ਰੌਣਕ ਹੁੰਦੀ ਹੈ, ਕਿਉਂਕਿ ਉੱਥੇ ਪੰਛੀ ਹੁੰਦੇ ਹਨ।

• ਸ਼ਾਕਾਹਾਰੀ ਅਤੇ ਸ਼ਰਾਬ ਨਾ ਪੀਣ ਵਾਲੇ ਅਕਸਰ ਡਰਪੋਕ ਹੁੰਦੇ ਹਨ ਪਰ ਉਨ੍ਹਾਂ ਵਿਚ ਨੈਤਿਕ ਸ਼ਕਤੀ ਅਤੇ ਚਰਿੱਤਰ ਦੀ ਤਾਕਤ ਵਧੇਰੇ ਹੁੰਦੀ ਹੈ।

ਫ਼ੈਸ਼ਨਦਾਰ ਇਸਤਰੀ ਨੂੰ ਵੇਖ ਕੇ ਪੁਰਸ਼ਾਂ ਦਾ ਵਿਹਾਰ ਦੋ ਪ੍ਰਕਾਰ ਦਾ ਹੁੰਦਾ ਹੈ। ਕੁਝ ਵੇਖਦੇ ਹਨ, ਵੇਖਦੇ ਰਹਿੰਦੇ ਹਨ, ਹੈਰਾਨ ਹੁੰਦੇ ਹਨ ਪਰ ਬੋਲਦੇ ਨਹੀਂ; ਦੂਜੇ ਵੇਖਦੇ ਘੱਟ ਹਨ ਅਤੇ ਟਿੱਪਣੀਆਂ ਵਧੇਰੇ ਕਰਦੇ ਹਨ।

•ਹੌਸਲਾ ਵਿਚਾਰਿਆ, ਉਪਦੇਸ਼ਿਆ, ਪ੍ਰਚਾਰਿਆ, ਉਪਜਾਇਆ ਨਹੀਂ ਜਾ ਸਕਦਾ, ਜਦੋਂ ਹੋਵੇਗਾ ਤਾਂ ਦਿਸੇਗਾ।

• ਦੋ ਕਿਸਮ ਦੇ ਬੱਚੇ ਕੁਝ ਨਹੀਂ ਬਣਦੇ। ਇਕ ਉਹ ਜਿਹੜੇ ਕੁਝ ਵੀ ਦੱਸੇ ਅਨੁਸਾਰ ਨਹੀਂ ਕਰਦੇ, ਦੂਜੇ ਉਹ ਜੋ ਦੱਸੇ ਅਨੁਸਾਰ ਤੋਂ ਇਲਾਵਾ ਕੁਝ ਨਹੀਂ ਕਰਦੇ।

ਜਿਹੜੇ ਜ਼ਿੰਦਗੀ ਵਿਚ ਕੁਝ ਮਹੱਤਵਪੂਰਨ ਕਰਦੇ ਹਨ, ਉਨ੍ਹਾਂ ਦਾ ਬਚਪਨ ਸਾਧਾਰਨ ਅਤੇ ਸੁਖਾਵਾਂ ਨਹੀਂ ਰਿਹਾ ਹੁੰਦਾ।

ਜੋ ਡਾਰਵਿਨ ਨੇ ਕਿਹਾ, ਉਹ ਉਸ ਦਾ ਨਿਜੀ ਅਨੁਭਵ ਸੀ ਪਰ ਉਹ ਵਿਗਿਆਨ ਵੀ ਸੀ, ਉਹ ਨਿਜੀ ਅਨੁਭਵ ਹੋਣ ਕਰਕੇ ਨਹੀਂ, ਵਿਗਿਆਨ ਹੋਣ ਕਰਕੇ ਪ੍ਰਵਾਨ ਚੜ੍ਹਿਆ ਹੈ।

• ਫੋਟੋਕਾਪੀ ਕਰਵਾਈ ਜਾਂਦੀ ਹੈ ਪਰ ਪੜ੍ਹੀ ਨਹੀਂ ਜਾਂਦੀ, ਅੱਖਾਂ ਦੁੱਖਣ ਲੱਗ ਜਾਂਦੀਆਂ ਹਨ। ਪੜ੍ਹੀ ਕਿਤਾਬ ਹੀ ਜਾਂਦੀ ਹੈ।

ਭਾਰਤ ਵਿਚ ਪੁਸਤਕਾਂ ਪ੍ਰਤੀ ਵਿਰੋਧ ਸਕੂਲ ਵਿਚ ਹੀ ਆਰੰਭ ਹੋ ਜਾਂਦਾ ਹੈ।

• ਵਿਦਵਾਨਾਂ ਦੀਆਂ ਪਤਨੀਆਂ, ਪਤਨੀਆਂ ਨਾਲੋਂ ਨਰਸਾਂ ਵਧੇਰੇ ਹੁੰਦੀਆਂ ਹਨ।

• ਕਿਸੇ ਕਿਤਾਬ ਦੇ ਸਸਤੀ ਜਾਂ ਮਹਿੰਗੀ ਹੋਣ ਦਾ ਪਤਾ, ਉਸ ਨੂੰ ਪੜ੍ਹਨ ਉਪਰੰਤ ਲੱਗਦਾ ਹੈ, ਜਿਵੇਂ ਕਿਸੇ ਪ੍ਰੇਮਿਕਾ ਦਾ ਅਸਲੀ ਰੂਪ, ਉਸ ਨਾਲ ਵਿਆਹ ਕਰਵਾ ਕੇ ਹੀ ਪਤਾ ਲੱਗਦਾ ਹੈ।

ਅਨਪੜ੍ਹ ਹੈਰਾਨ ਹੋ ਕੇ ਸੋਚਦੇ ਹਨ ਕਿ ਕਿਤਾਬਾਂ ਵਿਚ ਕੀ ਲਿਖਿਆ ਹੁੰਦਾ ਹੈ?

ਕਾਨੂੰਨ ਦੇ ਕੋਰਸਾਂ ਵਿਚ ਪੜ੍ਹਾਈ ਪ੍ਰਤੀ ਗੰਭੀਰ ਹੋਣਾ ਨੁਕਸ ਸਮਝਿਆ ਜਾਂਦਾ ਹੈ, ਕਿਉਂਕਿ ਬਿਨਾਂ ਪੜ੍ਹੇ ਹੀ ਹਰ ਕੋਈ ਆਪਣੇ ਆਪ ਨੂੰ ਵੱਡਾ ਵਕੀਲ ਸਮਝਦਾ ਹੈ। ਇਨ੍ਹਾਂ ਵਿਦਿਆਰਥੀਆਂ ਬਾਰੇ ਪ੍ਰਸਿੱਧ ਹੁੰਦਾ ਹੈ ਕਿ ਕਲਾਸ ਅੰਦਰ ਲੱਗਦੀ ਹੈ, ਇਹ ਬਾਹਰ ਬਹਿਸ ਕਰ ਰਹੇ ਹੁੰਦੇ ਹਨ।

ਵਿਦਵਾਨ ਕਦੇ ਵੀ ਦੇਸ਼ ਦੀ ਮੁੱਖ ਧਾਰਾ ਨਹੀਂ ਹੁੰਦੇ। ਇਨ੍ਹਾਂ ਨੂੰ ਪੜ੍ਹਨ ਵਾਲੇ ਵੀ ਮੁੱਖ ਧਾਰਾ ਨਹੀਂ ਹੁੰਦੇ।

ਪਾਦਰੀਆਂ ਦੇ ਜ਼ਮਾਨੇ ਵਿਚ ਚਰਚ ਵਿਰੁੱਧ ਲਿਖਣ ਵਾਲੇ ਵਿਦਵਾਨਾਂ ਨੂੰ ਵੀ ਸਾੜ ਦਿੰਦੇ ਸਨ, ਹੁਣ ਕੇਵਲ ਉਨ੍ਹਾਂ ਦੀਆਂ ਕਿਤਾਬਾਂ ਨੂੰ ਹੀ ਸਾੜਦੇ ਹਨ।

ਸਮਾਜਵਾਦੀ ਦੇਸ਼ਾਂ ਵਿਚ ਵਿਦਵਾਨ, ਜੇ ਸਮਾਜਵਾਦ ਦੇ ਪੱਖ ਵਿਚ ਲਿਖਣ ਤਾਂ ਹੀ ਪ੍ਰਵਾਨ ਹੁੰਦੇ ਹਨ ਨਹੀਂ ਤਾਂ ਇਹ ਜਸੂਸਾਂ ਅਤੇ ਜੇਲ੍ਹਾਂ ਦੇ ਹਵਾਲੇ ਹੋ ਜਾਂਦੇ ਹਨ।

ਦੇਸ਼ ਦੇ ਵਿਕਾਸ ਲਈ ਪੁਸਤਕਾਂ ਦੀ ਹੀ ਨਹੀਂ, ਵਿਦਿਅਕ ਸੰਸਥਾਵਾਂ ਅਤੇ ਲਾਇਬ੍ਰੇਰੀਆਂ ਦੀ ਵੀ ਲੋੜ ਹੁੰਦੀ ਹੈ।

ਸੁਕਰਾਤ ਦੇ ਜ਼ਮਾਨੇ ਵਿਚ ਪੁਸਤਕ ਉਦੋਂ ਹੀ ਲਿਖੀ ਜਾਂਦੀ ਸੀ, ਜਦੋਂ ਇਸ ਦੀ ਲੋੜ ਹੁੰਦੀ ਸੀ ਅਤੇ ਹਰ ਪੁਸਤਕ ਕਲਾਸਿਕ ਸਿੱਧ ਹੁੰਦੀ ਸੀ ਅਤੇ ਉਸ ਜ਼ਮਾਨੇ ਦੀ ਹਰੇਕ ਪੁਸਤਕ ਹੁਣ ਵੀ ਕਲਾਸਿਕ ਮੰਨੀ ਜਾਂਦੀ ਹੈ।

ਪਿੰਡ ਵਿਚ ਜਿਹੜਾ ਵਿਅਕਤੀ ਪੜ੍ਹ-ਲਿਖ ਜਾਂਦਾ ਹੈ, ਉਸ ਨੂੰ ਸ਼ਹਿਰ ਨਾਲ ਜੋੜ ਦਿੱਤਾ ਜਾਂਦਾ ਹੈ।

ਪੜ੍ਹਾਈ ਛੱਡਣ ਦਾ ਕਾਰਜ, ਭੈੜੇ ਅਤੇ ਤੰਗ ਸਕੂਲਾਂ ਦੇ ਵਿਦਿਆਰਥੀ ਹੀ ਕਰਦੇ ਹਨ।

ਮਾਂ ਨੂੰ ਆਰਾਮ ਜ਼ਰੂਰ ਕਰਨਾ ਚਾਹੀਦਾ ਹੈ ਤਾਂ ਕਿ ਉਹ ਬੱਚਿਆਂ ਅਤੇ ਪਰਿਵਾਰ ਵੱਲ ਵਧੇਰੇ ਧਿਆਨ ਦੇ ਸਕੇ।

ਚੰਗੇ ਰਿਸ਼ਤਿਆਂ ਵਿਚ ਵੀ ਮਤਭੇਦ ਹੁੰਦੇ ਹਨ। ਚੰਗੇ ਪਤੀ ਪਤਨੀ ਵੀ ਬਹਿਸ ਕਰਦੇ ਹਨ ਪਰ ਇਨ੍ਹਾਂ ਦੇ ਬਹਿਸਣ ਦੇ ਢੰਗ ਵਿਚ ਇਕ-ਦੂਜੇ ਦਾ ਅਪਮਾਨ ਨਹੀਂ ਹੁੰਦਾ।

ਨਿਘਰ ਰਹੇ ਸਮਾਜ ਨੂੰ, ਆਪਣਾ ਨਿਘਰਨਾ ਵਿਖਾਈ ਨਹੀਂ ਦਿੰਦਾ।

ਅਜੋਕੇ ਵਿਦਿਆਰਥੀ ਚਲਾਕ ਹੋਣ ਵਿਚ ਸੰਤੁਸ਼ਟ ਹਨ, ਸਿਆਣਪ ਉਨ੍ਹਾਂ ਨੂੰ ਫ਼ਜ਼ੂਲ ਚੀਜ਼ ਲੱਗਦੀ ਹੈ।

ਅਸੀਂ ਆਪਣੇ ਬੱਚਿਆਂ ਨੂੰ ਪਿਆਰ ਕਰਦੇ ਹਾਂ, ਉਨ੍ਹਾਂ ਦੀ ਭਲਾਈ ਅਤੇ ਰੱਖਿਆ ਲਈ ਅਤੇ ਆਪਣੀ ਸਾਂਭ-ਸੰਭਾਲ ਲਈ।

ਪਿਆਰ ਵਿਚ ਇਕ ਪੜਾਓ ਆਉਂਦਾ ਹੈ, ਜਦੋਂ ਰਿਸ਼ਤੇ ਦਾ ਸਭ ਤੋਂ ਵੱਧ ਮਹੱਤਵਪੂਰਨ ਵਾਕ ਬੋਲਿਆ ਜਾਂਦਾ ਹੈ। ਪਤਾ ਨਹੀਂ ਲੱਗਦਾ ਕਿ ਉਹ ਬੋਲਣਾ ਦਿਲਚਸਪ ਹੁੰਦਾ ਹੈ ਕਿ ਉਸ ਨੂੰ ਸੁਣਨਾ ਦਿਲਚਸਪ ਹੁੰਦਾ ਹੈ ਪਰ ਉਹ ਬੋਲਣ-ਸੁਣਨ ਉਪਰੰਤ, ਖੱਦਰ, ਰੇਸ਼ਮ ਬਣ ਜਾਂਦਾ ਹੈ।

ਇਕ ਹੀ ਦੁਖਾਂਤ ਵਾਪਰਨ 'ਤੇ, ਜੇ ਤੁਸੀਂ ਦਿਲ ਨੂੰ ਜਿੰਦਰਾ ਲਾ ਦਿੱਤਾ ਸੀ ਤਾਂ ਇਹ ਫੈਸਲਾ ਉਸ ਵੇਲੇ ਭਾਵੇਂ ਸਹੀ ਪ੍ਰਤੀਤ ਹੋਇਆ ਹੋਵੇ ਪਰ ਜ਼ਿੰਦਗੀ ਦਾ ਪ੍ਰਵਾਹ, ਇਸ ਫੈਸਲੇ ਨੂੰ ਗਲਤ ਹੀ ਸਾਬਤ ਕਰੇਗਾ।

ਕਈ ਘਰ ਮਹਿੰਗੀਆਂ ਚੀਜ਼ਾਂ ਨਾਲ ਭਰੇ ਹੁੰਦੇ ਹਨ ਪਰ ਮਾਲਕ ਆਪ ਬਿਮਾਰ ਹੁੰਦੇ ਹਨ। ਉਹ ਖਾਂਦੇ-ਪਹਿਨਦੇ ਵਧੇਰੇ ਹਨ ਅਤੇ ਬਹੁਤ ਅਧਿਕ ਨੁਕਸ ਕਢਦੇ ਹਨ। ਇਹ ਸਾਰੇ ਰੋਗਾਂ ਦੇ ਨਾਂ ਹਨ।

ਜੇ ਤੁਸੀਂ ਆਪਣੀ ਉਦਾਸੀ ਦਾ ਕਾਰਨ, ਪੈਸੇ ਦੀ ਘਾਟ ਸਮਝਦੇ ਹੋ ਤਾਂ ਸੋਚ ਦੇ ਪੱਖੋਂ, ਤੁਸੀਂ ਬੜੇ ਗਰੀਬ ਹੋ।

ਜ਼ਿੰਦਗੀ ਨੂੰ ਦਿਲਚਸਪ ਬਣਾਉਣ ਲਈ ਵੱਖਰੇਵੇਂ ਅਤੇ ਵਿਰੋਧ ਬੜੇ ਜ਼ਰੂਰੀ ਹੁੰਦੇ ਹਨ।

ਦਿਲ ਦੇ ਟੁੱਟਣ ਵਿਚ, ਹੋਰ ਪਿਆਰ ਪੈਣ ਦੀ ਸੰਭਾਵਨਾ ਹੁੰਦੀ ਹੈ। ਪ੍ਰਾਪਤ ਤਜਰਬੇ ਨੂੰ ਵਰਤਣ ਲਈ ਅਵਸਰ ਮਿਲਣਗੇ।

ਹੋਰਾਂ ਵਿਚ, ਪਹਿਲਾਂ ਔਗੁਣ ਦਿਸਣਗੇ, ਫਿਰ ਗੁਣ ਵੀ ਦਿਸਣ ਲੱਗ ਪੈਣਗੇ, ਫਿਰ ਉਹ ਸਾਨੂੰ ਆਪਣੇ ਵਰਗੇ ਲੱਗਣ ਲੱਗ ਜਾਣਗੇ।

ਜੇ ਪੁਰਾਤਨ ਲਿਖਤਾਂ ਅੱਜ ਵੀ ਪ੍ਰਭਾਵਿਤ ਕਰਦੀਆਂ ਹਨ ਤਾਂ ਇਹ ਸਬੂਤ ਹੈ ਕਿ ਮਨੁੱਖੀ ਸੋਚ ਦਾ ਧੁਰਾ ਬਰਕਰਾਰ ਹੈ।

ਅਜੋਕੇ ਸੰਸਾਰ ਵਿਚ ਹਰ ਦਹਾਕੇ ਵਿਚ ਇਤਨਾ ਪਰਿਵਰਤਨ ਵਾਪਰ ਰਿਹਾ ਹੈ ਕਿ ਹਜ਼ਮ ਨਹੀਂ ਹੋ ਰਿਹਾ।

ਅਰਬ ਦੇਸ਼ਾਂ ਵਿਚ ਘਰ ਦੇ ਸਾਜ਼-ਸਾਮਾਨ ਦੀ ਪ੍ਰਸੰਸਾ, ਵਿਅਕਤੀ ਨੂੰ ਪਦਾਰਥਵਾਦੀ ਬਣਾਉਂਦੀ ਅਤੇ ਅੱਲਾ ਤੋਂ ਦੂਰ ਕਰਦੀ ਹੈ, ਸੋ ਅਜਿਹੀ ਪ੍ਰਸੰਸਾ ਨਹੀਂ ਕੀਤੀ ਜਾਂਦੀ।

ਚੀਨ ਵਿਚ ਪਚਾਕੇ ਲਾ ਕੇ ਖਾਣਾ ਪਕਵਾਨ ਦੇ ਸਵਾਦੀ ਹੋਣ ਦਾ ਸਬੂਤ ਹੁੰਦਾ ਹੈ। ਯੋਰਪ ਵਿਚ ਪਚਾਕੇ ਲਾ ਕੇ ਖਾਣਾ, ਤਲਾਕ ਦਾ ਆਧਾਰ ਬਣ ਜਾਂਦਾ ਹੈ।

ਮਾਰਦੇ ਹੋ ਕੁੜੀਆਂ, ਲੱਭਦੇ ਹੋ ਵਹੁਟੀਆਂ?

ਜਿਨ੍ਹਾਂ ਮਾਪਿਆਂ ਨੇ ਆਪ ਕਈ ਸੁਖ-ਸਹੂਲਤਾਂ ਤੋਂ ਵਿਰਵੇ ਰਹਿ ਕੇ, ਬੱਚਿਆਂ ਲਈ ਕੁਝ ਕਰਨ ਅਤੇ ਬਣਨ ਦੀਆਂ ਸੰਭਾਵਨਾਵਾਂ ਉਪਜਾਈਆਂ ਹੁੰਦੀਆਂ ਹਨ, ਉਹ ਬੱਚੇ ਅਕਸਰ ਨਾ ਕੇਵਲ ਵਧੇਰੇ ਜ਼ਿੰਮੇਵਾਰ ਹੁੰਦੇ ਹਨ, ਸਗੋਂ ਵਧੇਰੇ ਸੁਹਿਰਦ ਵੀ ਹੁੰਦੇ ਹਨ।

ਜ਼ਰੂਰੀ ਨਹੀਂ ਕਿ ਚੰਗੇ ਪੁਰਸ਼, ਚੰਗੀਆਂ ਇਸਤਰੀਆਂ ਵੱਲ ਖਿੱਚੇ ਜਾਣ। ਅਕਸਰ ਇਵੇਂ ਨਹੀਂ ਹੁੰਦਾ।

ਸਰੀਰਕ ਭੁੱਖਾਂ ਨਾਲ ਲੰਮਾ ਅਰਸਾ ਧੋਖਾ ਨਹੀਂ ਕੀਤਾ ਜਾ ਸਕਦਾ।

ਜਿਉਂ ਜਿਉਂ ਪੁੱਤਰ ਵੱਡਾ ਹੁੰਦਾ ਹੈ, ਉਸ ਦੀ ਆਜ਼ਾਦੀ ਵੱਧਦੀ ਜਾਂਦੀ ਹੈ, ਜਿਉਂ ਜਿਉਂ ਧੀ ਵੱਡੀ ਹੁੰਦੀ ਹੈ, ਉਸ ਦੀਆਂ ਰੋਕਾਂ ਵੱਧਦੀਆਂ ਹਨ ਅਤੇ ਆਜ਼ਾਦੀ ਬਾਰੇ ਗੱਲ ਹੀ ਨਹੀਂ ਕੀਤੀ ਜਾਂਦੀ।

ਪਿਤਾ ਦੇ ਘਰ ਵਿਚ ਧੀ ਦੀ ਆਜ਼ਾਦੀ, ਵਿਆਹ ਹੋਣ ਨਾਲ ਮੁੱਕ ਜਾਂਦੀ ਹੈ। ਪਤੀ ਦੇ ਘਰ ਵਿਚ ਆਜ਼ਾਦੀ ਨਹੀਂ ਹੁੰਦੀ, ਜ਼ਿੰਮੇਵਾਰੀਆਂ ਹੁੰਦੀਆਂ ਹਨ, ਆਜ਼ਾਦੀ ਮਾਣਨ ਲਈ, ਉਸ ਨੂੰ ਪਿਤਾ ਦੇ ਘਰ ਜਾਣਾ ਪੈਂਦਾ ਹੈ।

ਅਸਮਾਨ ਇਸ ਲਈ ਚੰਗਾ ਲੱਗਦਾ ਹੈ, ਕਿਉਂਕਿ ਇਸ ਦਾ ਆਦਿ-ਅੰਤ ਨਹੀਂ, ਅਨੰਤ ਹੈ ਲਗਦਾ ਨੇੜੇ ਹੀ ਹੈ ਪਰ ਹੁੰਦਾ ਦੂਰ ਅਤੇ ਦੂਰ ਤੱਕ ਹੈ।

ਗੱਲਬਾਤ ਰਿਸ਼ਤੇ ਦਾ ਦੂਜਾ ਨਾਂ ਹੁੰਦੀ ਹੈ, ਗੱਲਬਾਤ ਹੀ ਰਿਸ਼ਤਾ ਹੁੰਦੀ ਹੈ।

ਕੁਝ ਲੋਕ ਮਿਹਨਤ ਕਰਨੀ ਹੀ ਨਹੀਂ ਜਾਣਦੇ, ਮਿਹਨਤ ਕਰਨੀ ਇਨ੍ਹਾਂ ਦੇ ਵਸ ਵਿਚ ਨਹੀਂ ਹੁੰਦੀ, ਇਹ ਭੈੜੇ ਨਹੀਂ ਹੁੰਦੇ, ਇਨ੍ਹਾਂ ਨੂੰ ਪਰਿਵਾਰ ਵਿਚ, ਮਿਹਨਤ ਕਰਨ ਲਈ ਕਿਸੇ ਨੇ ਪ੍ਰੇਰਿਆ ਨਹੀਂ ਹੁੰਦਾ।

ਜਦੋਂ ਕੋਈ ਬੋਲ ਰਿਹਾ ਹੋਵੇ ਤਾਂ ਕੁਝ ਆਪਣੀਆਂ ਅੱਖਾਂ ਘੁੰਮਾ ਕੇ ਅਸਹਿਮਤੀ ਪ੍ਰਗਟਾਉਂਦੇ ਹਨ, ਇਨ੍ਹਾਂ ਦਾ ਉਦੇਸ਼ ਬੁਲਾਰੇ ਦਾ ਹੌਸਲਾ ਢਾਹੁਣਾ ਹੁੰਦਾ ਹੈ।

ਭੀੜ, ਰਿੱਛ ਵਾਂਗ ਹੁੰਦੀ ਹੈ, ਪਹਿਲਾਂ ਇਹ ਤੁਹਾਡੇ ਇਸ਼ਾਰੇ 'ਤੇ ਨੱਚੇਗੀ, ਫਿਰ ਇਹ ਰਿੱਛ ਵਾਂਗ ਪਿੱਛੇ ਪੈ ਜਾਵੇਗੀ।

ਕਿਸੇ ਦੀਆਂ ਅੱਖਾਂ ਵਿਚ ਵੇਖ ਕੇ ਮੰਗੀ ਮੁਆਫ਼ੀ ਬੜੀ ਸ਼ਕਤੀਸ਼ਾਲੀ ਹੁੰਦੀ ਹੈ, ਇਸ ਨੂੰ ਅਪ੍ਰਵਾਨ ਕਰਨਾ ਸੰਭਵ ਨਹੀਂ ਹੁੰਦਾ।

ਜਿਹੜੇ ਸਮਝਦੇ ਹਨ ਕਿ ਜੇ ਉਹ ਗੱਲਬਾਤ ਲਈ ਮੰਨ ਗਏ, ਉਹ ਜ਼ੀਰੋ ਹੋ ਜਾਣਗੇ, ਉਹ ਹੁੰਦੇ ਹੀ ਜ਼ੀਰੋ ਹਨ।

ਜੋ ਕੁਝ ਤੁਸੀਂ ਸਹਿੰਦੇ ਹੋ, ਉਹ ਤੁਹਾਡੀ ਸਹਿਣ-ਸ਼ਕਤੀ ਬਣ ਜਾਂਦੀ ਹੈ।

ਜੇ ਕੁਝ ਬਹੁਤ ਚੰਗਾ, ਅਚਾਨਕ ਵਾਪਰੇ ਤਾਂ ਖ਼ੁਸ਼ੀ ਦੇ ਨਾਲ-ਨਾਲ ਡਰ ਵੀ ਲੱਗਣ ਲੱਗ ਪੈਂਦਾ ਹੈ।

ਕਈ ਸਾਡੇ ਵਿਚੋਂ ਦਿਲ ਕੱਢ ਲੈਂਦੇ ਹਨ, ਕੁਝ ਸਾਡੇ ਵਿਚ ਦਿਲ ਪਾ ਦਿੰਦੇ ਹਨ।

ਜਿਹੜਾ ਸਭ ਕੁਝ ਜਾਣਨ ਦਾ ਦਾਅਵਾ ਕਰਦਾ ਹੈ, ਉਹ ਬਹੁਤ ਕੁਝ ਜਾਣਨ ਵਾਲੇ ਨੂੰ ਪ੍ਰੇਸ਼ਾਨ ਕਰਦਾ ਹੈ।

ਝੁੰਜਲਾਹਟ ਦਾ ਵੀ ਲਾਭ ਹੁੰਦਾ ਹੈ, ਇਸ ਵਿਚੋਂ ਲੰਘ ਕੇ ਹੀ ਸਾਡੀ ਸੋਚ ਨੂੰ ਸਪੱਸ਼ਟਤਾ ਮਿਲਦੀ ਹੈ।

ਜਦੋਂ ਕਿਸੇ ਬਾਰੇ ਚਾਹੁੰਦੇ ਹਾਂ ਕਿ ਉਹ ਬੋਲੇ, ਉਸ ਦੀ ਚੁੱਪ ਨਾਲ ਪ੍ਰੇਸ਼ਾਨੀ ਉਪਜਦੀ ਹੈ।

ਕਿਸੇ ਪਿਆਰੇ ਨਾਲ, ਬਹੁਤ ਧਿਆਨ ਨਾਲ ਅਤੇ ਸੋਚ-ਸੋਚ ਕੇ ਕੀਤੀ ਗੱਲਬਾਤ, ਅਸਫਲ ਗੱਲਬਾਤ ਹੁੰਦੀ ਹੈ।

ਕਿਸੇ-ਕਿਸੇ ਨੂੰ ਅਸੀਂ ਦਿਲ ਨਾਲ ਵੀ ਵੇਖਦੇ ਹਾਂ, ਦਿਲ ਵਿਚ ਵੀ ਇਕ ਅੱਖ ਹੁੰਦੀ ਹੈ, ਜਿਹੜੀ ਆਪ ਨਹੀਂ ਦਿਸਦੀ, ਜਿਹੜੀ ਵੇਖਦੀ ਹੀ ਨਹੀਂ, ਨਿਹਾਰਦੀ ਵੀ ਹੈ।

ਜੇ ਚਿੱਠੀਆਂ ਦਾ ਜਵਾਬ ਨਹੀਂ ਦਿਓਗੇ, ਇਹ ਆਉਣੀਆਂ ਬੰਦ ਹੋ ਜਾਣਗੀਆਂ।

ਨਾਂਹ ਕਹਿਣ ਨਾਲ ਸਮੱਸਿਆ ਉਪਜਦੀ ਨਹੀਂ, ਅਕਸਰ ਹੱਲ ਹੀ ਹੁੰਦੀ ਹੈ।

ਜਦੋਂ ਕੁਝ ਵੀ ਕਰਨਾ ਸੰਭਵ ਨਹੀਂ ਹੁੰਦਾ, ਉਦੋਂ ਕੀ ਕਰਦੇ ਹੋ?
ਬਹੁਤੇ ਕਹਿਣਗੇ: ਕੀ ਕਰੀਏ?

ਸਭ ਤੋਂ ਵੱਡਾ ਝੂਠ: ਮੈਂ ਸਾਰੀ ਜ਼ਿੰਦਗੀ ਤੈਨੂੰ ਪਿਆਰ ਕਰਾਂਗਾ।

ਕਿਸੇ ਬਾਰੇ ਕਿਤਨਾ ਹੀ ਕੁਝ ਸਾਨੂੰ ਉਸ ਦੀ ਚੁੱਪ ਤੋਂ ਪਤਾ ਲੱਗਦਾ ਹੈ।

ਜਿਹੜਾ ਆਪਣਾ ਸਾਥ ਮਾਣ ਸਕਦਾ ਹੈ, ਉਹ ਹਰੇਕ ਸਾਥ ਮਾਣ ਸਕਦਾ ਹੈ।

ਕਈਆਂ ਨਾਲ ਅਸੀਂ ਅਸਲੀ ਸਮੱਸਿਆ ਬਾਰੇ ਗੱਲ ਨਹੀਂ ਕਰਦੇ, ਕਿਉਂਕਿ ਅਸੀਂ ਰਿਸ਼ਤਾ ਤੋੜਨਾ ਨਹੀਂ ਚਾਹੁੰਦੇ।

ਕੀ ਹਾਲ ਹੈ? ਬਹੁਤ ਚੰਗਾ ਹੈ, ਤੁਸੀਂ ਆਪਣਾ ਸੁਣਾਓ। ਸਿਹਤ ਕੈਸੀ ਹੈ? ਠੀਕ ਹੈ। ਪਰਿਵਾਰ ਕਿਵੇਂ ਹੈ? ਸਭ ਰਾਜ਼ੀ-ਬਾਜ਼ੀ ਹਨ। ਅੱਛਾ, ਖ਼ੁਸ਼ ਰਹੋ, ਧੰਨਵਾਦ। ਗੱਲਬਾਤ ਹੋਈ ਹੈ ਕਿ ਨਹੀਂ? ਲੱਗਦਾ ਹੈ, ਹੋਈ ਹੈ ਪਰ ਹੋਈ ਕੋਈ ਨਹੀਂ।

ਆਪਣੇ-ਆਪ ਨੂੰ ਸੁਣੋ, ਆਪਣੇ ਸਰੀਰ ਦੀ ਸੁਣੋ, ਦਿਮਾਗ਼ ਦੇ ਦੋਵੇਂ ਪਾਸਿਆਂ ਨੂੰ ਸੁਣੋ। ਫ਼ੈਸਲਾ ਭਾਵੇਂ ਦਿਮਾਗ਼ ਨਾਲ ਕਰਨਾ ਹੋਵੇ, ਮਨ ਨੂੰ ਵੀ ਸੁਣੋ।

ਕੁੱਤੇ ਨੂੰ ਆਪਣੇ ਵੱਲ ਆਉਂਦਿਆਂ ਦੇਖ, ਅਸੀਂ ਡਰ ਜਾਂਦੇ ਹਾਂ। ਕੁੱਤਾ ਨਹੀਂ ਡਰਾਉਂਦਾ, ਸਾਡੀ ਸੋਚ ਡਰਾਉਂਦੀ ਹੈ।

ਜਦੋਂ ਇਸਤਰੀ ਚੁੱਪ ਹੋ ਜਾਂਦੀ ਹੈ ਤਾਂ ਫ਼ਾਸਲਾ ਉਪਜ ਪੈਂਦਾ ਹੈ।

ਕੰਮ ਵਾਲੀ ਥਾਂ 'ਤੇ ਜੇ ਕੋਈ ਅਜੀਬ ਵਿਹਾਰ ਕਰਦਾ ਹੈ ਤਾਂ ਉਸ ਵਿਹਾਰ ਦਾ ਕਾਰਨ ਕਿਧਰੇ ਹੋਰ ਹੋਵੇਗਾ।

ਉਦਾਸੀ ਵਿਚ ਅਸੀਂ ਹੋਰਾਂ ਨਾਲੋਂ ਧਿਆਨ ਤੋੜ ਕੇ, ਆਪਣੇ ਆਪ ਨਾਲ ਜੋੜ ਲੈਂਦੇ ਹਾਂ।

ਜੇ ਭਗਤ ਸਿੰਘ ਫਾਂਸੀ ਨਾ ਲੱਗਦਾ ਤਾਂ ਉਸ ਨੇ ਕਦੋਂ ਦਾ ਮਰ ਗਏ ਹੋਣਾ ਸੀ।

ਅਸੀਂ ਚਾਹੁੰਦੇ ਹਾਂ ਕਿ ਦੂਜੇ ਸਾਨੂੰ ਸਮਝਣ, ਇਹੀ ਕੁਝ ਦੂਜੇ ਚਾਹੁੰਦੇ ਹਨ, ਸੋ ਵਿੱਥ ਬਣੀ ਰਹਿੰਦੀ ਹੈ।

ਦੁੱਖ ਲੰਮੇ ਨਹੀਂ ਹੁੰਦੇ, ਅਸੀਂ ਲਮਕਾ ਲੈਂਦੇ ਹਾਂ। ਸੁੱਖ ਸੰਖੇਪ ਨਹੀਂ ਹੁੰਦੇ, ਸਾਨੂੰ ਸੁਖ ਮਾਣਨੇ ਨਹੀਂ ਆਉਂਦੇ।

ਏਕਲੱਵਯ ਆਪਣਾ ਅੰਗੂਠਾ ਵਾਪਸ ਮੰਗ ਰਿਹਾ ਹੈ।

ਬਚਪਨ ਗੁਆਚ ਜਾਂਦਾ ਹੈ, ਜਵਾਨੀ ਗੁਆ ਦਿੱਤੀ ਜਾਂਦੀ ਹੈ।

ਇਹ ਕਹਿਣ ਦੀ ਬਜਾਇ ਕਿ ਮੈਂ ਤੁਹਾਡੇ ਨਾਲ ਸਹਿਮਤ ਨਹੀਂ, ਕਹੋ ਇਸ ਸਮੱਸਿਆ ਬਾਰੇ ਮੈਂ ਹੋਰ ਤਰ੍ਹਾਂ ਸੋਚਦਾ ਹਾਂ।

ਗੱਲਾਂ ਅਤੇ ਗੱਲਬਾਤ ਵਿਚ ਅੰਤਰ ਹੁੰਦਾ ਹੈ। ਗੱਲਾਂ ਕਾਤਰਾਂ ਹੁੰਦੀਆਂ ਹਨ, ਗੱਲਬਾਤ ਥਾਨ ਹੁੰਦੀ ਹੈ।

ਜਿਨ੍ਹਾਂ ਦਾ ਰੋਜ਼ਗਾਰ ਲੱਗਿਆ ਹੁੰਦਾ ਹੈ, ਉਹ ਹੋਰ ਤਰ੍ਹਾਂ ਦੇ ਕੱਪੜੇ ਪਾਉਂਦੇ ਹਨ, ਜਿਹੜੇ ਰੋਜ਼ਗਾਰ ਲੱਭ ਰਹੇ ਹੁੰਦੇ ਹਨ, ਉਹ ਜਿਹੋ ਜਿਹੇ ਕੱਪੜੇ ਮਿਲ ਜਾਣ, ਪਹਿਨ ਲੈਂਦੇ ਹਨ।

ਅਸੀਂ ਮੌਸਮ ਬਾਰੇ ਉਦੋਂ ਹੀ ਗੱਲ ਕਰਦੇ ਹਾਂ, ਜਦੋਂ ਮੌਸਮ ਖ਼ਰਾਬ ਹੁੰਦਾ ਹੈ।

ਪਰਜਾਤੰਤਰ ਗਿਣਤੀ ਦੀ ਖੇਡ ਹੈ, ਇਸ ਵਿਚ ਕੋਈ ਗੁਣ ਨਹੀਂ, ਕੇਵਲ ਗਿਣਤੀ ਮਹੱਤਵਪੂਰਨ ਹੁੰਦੀ ਹੈ।

ਵੇਸਵਾਵਾਂ ਦੇ ਚੁਬਾਰਿਆਂ ਦੀਆਂ ਪੌੜੀਆਂ ਤੰਗ, ਸਿਲ੍ਹੀਆਂ ਅਤੇ ਹਨੇਰੀਆਂ ਹੁੰਦੀਆਂ ਹਨ। ਇਥੇ ਪੌੜੀਆਂ ਚੜ੍ਹਨ ਵਾਲੇ, ਉਤਰਨ ਵਾਲਿਆਂ ਨਾਲ ਟਕਰਾਉਣ ਦੇ ਬਾਵਜੂਦ, ਚੁੱਪ ਕਰਕੇ, ਨਜ਼ਰ ਨੀਵੀਂ ਕਰਕੇ, ਸਾਊਆਂ ਵਾਂਗ ਨਿਕਲ ਜਾਂਦੇ ਹਨ, ਉਹ ਇਕ ਦੂਜੇ ਦੇ ਸਾਹਮਣੇ ਕਾਣੇ ਨਹੀਂ ਹੋਣਾ ਚਾਹੁੰਦੇ।

ਮੁੱਢ ਵਿਚ ਤਜਰਬੇ ਦੀ ਕੁੜੱਤਣ ਹੀ ਹੁੰਦੀ ਹੈ, ਮਿਠਾਸ ਨਹੀਂ। ਮਿਠਾਸ ਦਾ ਅਨੁਭਵ, ਬਹੁਤ ਮਗਰੋਂ ਜਾ ਕੇ ਹੁੰਦਾ ਹੈ।

ਛੜੇ ਦਾ ਦਿਲ ਸੁੰਨਾ ਅਤੇ ਘਰ ਵੀਰਾਨ ਹੁੰਦਾ ਹੈ।

ਕੱਦ ਨਹੀਂ ਵੱਧ ਸਕਦਾ, ਸਵੈ-ਵਿਸ਼ਵਾਸ ਵੱਧ ਸਕਦਾ ਹੈ। ਜੇ ਸਵੈ-ਵਿਸ਼ਵਾਸ ਹੋਵੇ ਤਾਂ ਮੱਧਰਾ ਬੰਦਾ ਵੀ ਲੰਮਿਆਂ ਵਿਚ ਉੱਚਾ ਲੱਗਦਾ ਹੈ।

ਵੇਸਵਾ ਦੀ ਕਮਾਈ ਹਲਾਲ ਦੀ ਕਮਾਈ ਹੁੰਦੀ ਹੈ ਪਰ ਉਸ ਕੋਲ ਆਉਂਦੇ ਹਰਾਮ ਦੀ ਕਮਾਈ ਵਾਲੇ ਹਨ।

ਸ਼ਰਾਬੀਆਂ, ਜੂਏਬਾਜ਼ਾਂ, ਨਸ਼ੇੜੀਆਂ ਦੀ ਦੁਨੀਆਂ ਵਧੇਰੇ ਗਹਿਰੀ, ਖੁਲ੍ਹੀ ਅਤੇ ਸੰਘਣੀ ਹੁੰਦੀ ਹੈ, ਇਸ ਦੁਨੀਆਂ ਦੀਆਂ ਨਾ ਕੋਈ ਕਦਰਾਂ-ਕੀਮਤਾਂ ਹੁੰਦੀਆਂ ਹਨ, ਨਾ ਇਸ 'ਤੇ ਕੋਈ ਮਰਿਆਦਾ ਲਾਗੂ ਹੁੰਦੀ ਹੈ।

ਹਰ ਕਿਸੇ ਦੀ ਸ਼ਖ਼ਸੀਅਤ ਦੇ ਅਨੇਕਾਂ ਪੱਖ ਹੁੰਦੇ ਹਨ ਪਰ ਅਸੀਂ ਕਿਸੇ ਇਕ ਪੱਖ ਨੂੰ ਵੇਖ ਕੇ, ਉਸ ਬਾਰੇ ਰਾਇ ਉਸਾਰ ਲੈਂਦੇ ਹਾਂ, ਜਿਹੜੀ ਆਂਸ਼ਿਕ ਰਾਇ ਹੁੰਦੀ ਹੈ।

ਮਹੱਤਵਪੂਰਨ ਫੈਸਲੇ ਜੇ ਇਸਤਰੀਆਂ ਦੀ ਸਹਿਮਤੀ ਨਾਲ ਕੀਤੇ ਜਾਣ ਤਾਂ ਅਜਿਹੇ ਫੈਸਲਿਆਂ ਦੀ ਤਾਕਤ ਵੱਧ ਜਾਂਦੀ ਹੈ ਅਤੇ ਇਨ੍ਹਾਂ ਨੂੰ ਲਾਗੂ ਕਰਨਾ ਸੌਖਾ ਹੁੰਦਾ ਹੈ।

ਲੜਨ ਵਿਚ ਸਫਲ ਉਹੀ ਹੁੰਦਾ ਹੈ, ਜਿਸ ਨੂੰ ਪਤਾ ਹੁੰਦਾ ਹੈ ਕਿ ਕਦੋਂ ਲੜਨਾ ਹੈ ਅਤੇ ਕਦੋਂ ਨਹੀਂ ਲੜਨਾ; ਕਿਥੇ ਲੜਨਾ ਹੈ, ਕਿਥੇ ਨਹੀਂ ਲੜਨਾ; ਕਿਸ ਨਾਲ ਲੜਨਾ ਹੈ, ਕਿਸ ਨਾਲ ਕਦੇ ਨਹੀਂ ਲੜਨਾ ਅਤੇ ਕਿਸ ਨੂੰ ਕਿੱਥੇ, ਕਦੋਂ ਆਪਣੇ ਨਾਲ ਲੜਨ ਨਹੀਂ ਦੇਣਾ।

ਜਿਨ੍ਹਾਂ ਥਾਵਾਂ 'ਤੇ ਬੱਚੇ ਅਤੇ ਇਸਤਰੀਆਂ ਨਹੀਂ ਹੁੰਦੀਆਂ, ਉਹ ਥਾਵਾਂ ਰੁੱਖੀਆਂ ਅਤੇ ਭੁੱਖੀਆਂ ਹੁੰਦੀਆਂ ਹਨ, ਉੱਥੇ ਵਾਤਾਵਰਣ ਛਾਉਣੀ ਅਤੇ ਜੇਲ੍ਹ ਵਰਗਾ ਹੁੰਦਾ ਹੈ।

ਭਾਰਤ ਵਿਚ ਭੀੜ-ਭੜੱਕੇ ਅਤੇ ਰੌਲੇ-ਰੱਪੇ ਨੂੰ ਰੌਣਕ ਸਮਝਿਆ ਜਾਂਦਾ ਹੈ।

ਸੰਸਾਰ ਵਿਚ ਖੇਤੀ ਦਾ ਸੁਭਾਓ ਅਜਿਹਾ ਰਿਹਾ ਹੈ ਕਿ ਇਸ ਨਾਲ ਮਾਨਵ-ਜਾਤੀ ਨੇ ਸਹਿਯੋਗ ਦੇਣਾ ਅਤੇ ਲੈਣਾ ਸਿੱਖਿਆ ਹੈ।

ਮਿਹਨਤ ਜੀਵਨ ਦਾ ਸੱਜਾ ਅਤੇ ਸੰਜਮ ਜੀਵਨ ਦਾ ਖੱਬਾ ਹੱਥ ਹਨ, ਇਹ ਦੋਵੇਂ ਰਲ ਕੇ ਜ਼ਿੰਦਗੀ ਦਾ ਚਿਹਰਾ ਨਿਖਾਰ ਦਿੰਦੇ ਹਨ।

ਪਹਿਲਾਂ ਪਾਦਰੀ ਕਹਿੰਦੇ ਸਨ ਕਿ ਅਸੀਂ ਰੱਬ ਨੂੰ ਉਡੀਕ ਰਹੇ ਹਾਂ, ਉਹ ਆਵੇਗਾ, ਆਉਣ ਵਾਲਾ ਹੈ। ਜਦੋਂ ਇਸਾਈ ਇਨ੍ਹਾਂ ਲਾਰਿਆਂ ਨਾਲ ਅੱਕ ਗਏ ਤਾਂ ਚਲਾਕ ਪਾਦਰੀਆਂ ਨੇ ਕਹਿਣਾ ਆਰੰਭ ਦਿੱਤਾ: ਰੱਬ ਸਾਨੂੰ ਉਡੀਕ ਰਿਹਾ ਹੈ, ਅਸੀਂ ਉਸ ਕੋਲ ਜਾਣਾ ਹੈ।

ਤੋਹਫ਼ੇ ਦਾ ਸਲੀਕਾ ਹੈ ਕਿ ਇਹ ਦੇਣ ਵਾਲੇ ਦੇ ਸਾਹਮਣੇ ਨਹੀਂ ਖੋਲ੍ਹਿਆ ਜਾਂਦਾ।

ਕੇਵਲ ਹਾਂ-ਪੱਖੀ ਸੋਚ ਨਾਲ ਸਫਲਤਾ ਨਹੀਂ ਮਿਲਦੀ ਪਰ ਇਸ ਨਾਲ ਸਫਲਤਾ ਲਈ ਪਹਿਲਾ ਕਦਮ ਚੁੱਕਣ ਦੀ ਪ੍ਰੇਰਣਾ ਜ਼ਰੂਰ ਮਿਲਦੀ ਹੈ।

ਇਸਾਈ ਮੱਤ ਵਿਚ ਪਹਿਲੇ ਪੁੱਤਰ ਨੂੰ ਪਾਦਰੀ ਬਣਾਉਣ ਦੀ ਰਵਾਇਤ ਰਹੀ ਹੈ ਪਰ ਕਈ ਪਰੰਪਰਾਵਾਂ ਇਤਨੀਆਂ ਸ਼ਕਤੀਸ਼ਾਲੀ ਹੁੰਦੀਆਂ ਹਨ ਕਿ ਇਹ ਸੁਧਾਰਕ ਨੂੰ ਹੀ ਸੁਧਾਰ ਦਿੰਦੀਆਂ ਹਨ। ਇਕ ਪਹਿਲੇ ਪੁੱਤਰ ਨੇ ਨਾਸਤਕ ਹੋਣ ਦਾ ਐਲਾਨ ਕੀਤਾ ਪਰ ਅੰਤ ਵਿਚ ਉਹ ਸਭ ਤੋਂ ਵੱਧ ਸਫਲ ਪਾਦਰੀ ਹੋ ਨਿਬੜਿਆ।

ਜਦੋਂ ਤੱਕ ਤੁਸੀਂ ਚਿਹਰੇ 'ਤੇ ਸਹੀ ਪ੍ਰਭਾਵ ਨਹੀਂ ਪਹਿਨਦੇ, ਕੱਪੜੇ ਜਿਹੋ ਜਿਹੇ ਮਰਜ਼ੀ ਪਹਿਨੋ, ਕੋਈ ਫਰਕ ਨਹੀਂ ਪੈਂਦਾ।

ਸਫਲਤਾ ਉਸ ਰਸਤੇ 'ਤੇ ਮਿਲਦੀ ਹੈ, ਜਿਹੜਾ ਰਸਤਾ ਅਸੀਂ ਔਖਾ ਮੰਨ ਕੇ ਅਪਣਾਇਆ ਨਹੀਂ ਹੁੰਦਾ।

ਕਈ ਅਮੀਰ ਨਹੀਂ ਹੁੰਦੇ ਪਰ ਬੜੇ ਮੁੱਲਵਾਨ ਹੁੰਦੇ ਹਨ।

ਜੋ ਵਿਸ਼ਵਾਸ ਨਾਲ ਕੀਤਾ ਜਾਂਦਾ ਹੈ, ਉਹ ਸਾਡੀ ਸ਼ਕਤੀ ਬਣ ਜਾਂਦਾ ਹੈ।

ਫੈਸਲਾ ਕਰੋ ਕਿ ਜ਼ਿੰਦਗੀ ਵਿਚ ਤੁਹਾਡੇ ਲਈ ਕੀ-ਕੀ ਮਹੱਤਵਪੂਰਨ ਹੈ। ਇਵੇਂ ਕਰਨ ਨਾਲ ਜੋ ਮਹੱਤਵਪੂਰਨ ਨਹੀਂ, ਉਸ ਦਾ ਬੋਝ ਉਤਾਰਨਾ ਸੌਖਾ ਹੋ ਜਾਵੇਗਾ।

ਅਸੂਲ ਦਾ ਮਹੱਤਵ ਉਦੋਂ ਹੁੰਦਾ ਹੈ, ਜਦੋਂ ਸਭ ਪਾਸਿਓਂ ਅਸੂਲ ਤੋੜਨ ਦਾ ਦਬਾਓ ਹੋਵੇ।

ਖੁੱਲ੍ਹੇ ਰਿਸ਼ਤਿਆਂ ਵਿਚ ਨਾਂ ਲੈ ਕੇ, ਬਾਂਹ ਹਿਲਾ ਕੇ ਬੁਲਾਇਆ ਜਾਂਦਾ ਹੈ, ਲੁਕਵੇਂ ਰਿਸ਼ਤਿਆਂ ਵਿਚ ਅੱਖ ਦਬਾ ਕੇ ਬੁਲਾਇਆ ਜਾਂਦਾ ਹੈ।

ਤਕਨਾਲੋਜੀ ਇਤਨੀ ਤੇਜ਼ੀ ਨਾਲ ਬਦਲ ਰਹੀ ਹੈ ਕਿ ਪੜ੍ਹੇ-ਲਿਖੇ ਵੀ ਅਨਪੜ੍ਹਾਂ ਵਾਂਗ ਵਿਹਾਰ ਕਰ ਰਹੇ ਹਨ ਅਤੇ ਬੇਵੱਸ ਵਿਖਾਈ ਦੇ ਰਹੇ ਹਨ।

ਕੁਝ ਹਜ਼ਾਰ ਵਰ੍ਹੇ ਪਹਿਲਾਂ ਨਾ ਕੋਈ ਦੇਸ਼ ਸੀ ਨਾ ਪ੍ਰਦੇਸ਼। ਲੋਕ ਖਾਨਾਬਦੋਸ਼ਾਂ ਵਾਂਗ, ਜਿਧਰ ਖੁਰਾਕ ਦੀ ਸੂਹ ਪੈਂਦੀ ਸੀ, ਉਧਰ ਨਿਕਲ ਜਾਂਦੇ ਸਨ। ਖੇਤੀ ਨਾਲ, ਧਰਤੀ ਨਾਲ ਮੋਹ ਪੈ ਗਿਆ, ਧਰਤੀ ਜ਼ਮੀਨ ਹੀ ਨਾ ਰਹੀ, ਧਰਤੀ ਮਾਂ ਬਣ ਗਈ, ਦੇਸ਼ ਵਸ ਗਏ, ਦੇਸ਼-ਭਗਤੀ ਦਾ ਜਨਮ ਹੋਇਆ।

ਜੋ ਬਾਹਰ ਨਹੀਂ ਗਿਆ, ਉਹ ਅੱਡੀਆਂ ਚੁੱਕ-ਚੁੱਕ ਬਾਹਰ ਜਾਣ ਲਈ ਉਤਾਵਲਾ ਹੈ, ਜੋ ਪਹੁੰਚ ਗਿਆ ਹੈ, ਉਹ ਵਾਪਸ ਪਰਤਣ ਦੀ ਦੁਬਿਧਾ ਵਿਚ ਹੈ।

ਮਿਥਿਹਾਸ, ਧਾਰਮਿਕ ਗ੍ਰੰਥਾਂ ਨੂੰ ਆਧਾਰ ਅਤੇ ਸ਼ਕਤੀ ਪ੍ਰਦਾਨ ਕਰਦਾ ਹੈ।

ਕੋਈ ਵਿਸ਼ਾ ਜਦੋਂ ਦਿਲਚਸਪੀ ਨਾਲ ਪੜ੍ਹਿਆ-ਪੜ੍ਹਾਇਆ ਜਾਂਦਾ ਹੈ ਤਾਂ ਸਾਧਾਰਨ ਗੱਲਾਂ ਵਿਸ਼ੇਸ਼ ਅਤੇ ਵਿਸ਼ੇਸ਼ ਗੱਲਾਂ ਸਾਧਾਰਨ ਲੱਗਣ ਲੱਗ ਪੈਂਦੀਆਂ ਹਨ ਅਤੇ ਨਵੀਂ ਪ੍ਰਕਾਰ ਦੀ ਸੋਝੀ ਦਾ ਜਨਮ ਹੁੰਦਾ ਹੈ।

ਪਤੀ-ਪਤਨੀ ਬਣਨ ਉਪਰੰਤ, ਘਰ ਵਸਾਉਣ ਅਤੇ ਪਰਿਵਾਰ ਸਿਰਜਣ ਨਾਲ, ਉਹ ਇਕ-ਦੂਜੇ ਵਾਸਤੇ ਬਣੇ ਹੋਏ ਪ੍ਰਤੀਤ ਹੋਣ ਲੱਗ ਪੈਂਦੇ ਹਨ।

ਵੈਦਿਕ ਅਤੇ ਬੋਧੀ ਫਲਸਫੇ ਅਨੁਸਾਰ ਦੁੱਖ ਦਾ ਕਾਰਨ ਅਗਿਆਨਤਾ ਹੈ।

ਜਿਨ੍ਹਾਂ ਵਿਚ ਕੁਝ ਕਰਨ ਦੀ ਯੋਗਤਾ ਹੁੰਦੀ ਹੈ, ਉਹ ਫਜ਼ੂਲ ਕੰਮਾਂ ਤੋਂ ਸਹਿਜੇ ਹੀ ਛੁਟਕਾਰਾ ਪਾ ਲੈਂਦੇ ਹਨ।

ਭਾਰਤ ਵਿਚ ਗ਼ੁਲਾਮਾਂ ਦੇ ਦੌਰ ਵਿਚ, ਸੁਲਤਾਨ ਰਜ਼ੀਆ ਨੇ ਮੁਸਲਿਮ ਔਰਤ ਹੋਣ ਦੇ ਬਾਵਜੂਦ, ਬੁਰਕਾ ਤਿਆਗ ਕੇ ਕਿਹਾ ਸੀ ਕਿ ਜਿਸ ਹਾਕਮ ਦਾ ਲੋਕਾਂ ਨੂੰ ਚਿਹਰਾ ਨਹੀਂ ਦਿਸਦਾ, ਉਹ ਹਕੂਮਤ ਨਹੀਂ ਕਰ ਸਕਦਾ।

ਸਫਲਤਾ ਦਾ ਕਾਰਨ ਸਿਆਣੀ ਵਿਉਂਤ ਹੁੰਦੀ ਹੈ; ਸਿਆਣੀ ਵਿਉਂਤ, ਯੋਗਤਾ ਤੋਂ ਬਿਨਾਂ ਸੰਭਵ ਨਹੀਂ ਹੁੰਦੀ।

ਸਾਦਗੀ ਨਾ ਸਿੱਖੀ ਜਾ ਸਕਦੀ ਹੈ ਨਾ ਸਿਖਾਈ ਜਾ ਸਕਦੀ ਹੈ, ਇਹ ਆਪੇ ਅੰਦਰਲੀ ਪ੍ਰੇਰਨਾ ਨਾਲ ਅਪਣਾਈ ਜਾਂਦੀ ਹੈ।

ਗੁਰੂ ਬਣਨ ਦਾ ਯਤਨ ਕਰੋਗੇ, ਕੁਝ ਸਿੱਖਣਾ ਰੁੱਕ ਜਾਵੇਗਾ। ਸ਼ਿਸ਼-ਸ਼ਰਧਾਲੂ ਬਣੇ ਰਹਿਣ ਨਾਲ ਬੜਾ ਕੁਝ ਸਿੱਖਣ ਲਈ ਮਿਲੇਗਾ, ਮਿਲਦਾ ਰਹੇਗਾ।

ਭਾਵੇਂ ਪੈਰਿਸ ਹੋਵੇ ਭਾਵੇਂ ਕੋਲਕਾਤਾ, ਭਾਵੇਂ ਅੰਮ੍ਰਿਤਸਰ, ਭੀੜ ਵਾਲੀ ਥਾਂ ਤੇ ਕੁਝ ਗੁਆਚੇਗਾ, ਸੋ ਅਜਿਹੀਆਂ ਥਾਵਾਂ 'ਤੇ ਕੁਝ ਗੁਆਚਣ ਵਾਲਾ ਲੈ ਕੇ ਜਾਣਾ ਪਛਤਾਵਾ ਸਿਰਜੇਗਾ।

ਜਦੋਂ ਕੋਈ ਘਟਨਾ ਜਾਂ ਕਹਾਣੀ, ਵੱਡੀ ਗਿਣਤੀ ਵਿਚ ਲੋਕਾਂ ਨੂੰ ਟੁੰਬਦੀ ਹੈ ਤਾਂ ਉਹ ਦਾਸਤਾਨ ਬਣ ਜਾਂਦੀ ਹੈ।

ਉਮਰ ਦੇ ਵੱਧਣ ਨਾਲ, ਬੁੱਧੀ ਵਿਚਲੀਆਂ ਤਾਰਾਂ ਕੱਸੀਆਂ ਜਾਂਦੀਆਂ ਹਨ, ਇਨ੍ਹਾਂ ਨੂੰ ਸੈਰ ਨਾਲ, ਕਿਸੇ ਸਾਂਝੀ ਖੁੱਲ੍ਹੀ ਥਾਂ 'ਤੇ ਵਿਚਰਨ ਨਾਲ, ਢਿੱਲਾ ਕਰਨ ਦੀ ਲੋੜ ਹੁੰਦੀ ਹੈ।

ਤਰਕ, ਵਿਵੇਕ, ਤਕਨੀਕ, ਪ੍ਰਯੋਗ ਆਦਿ ਵਿਗਿਆਨ ਦੀ ਭਾਸ਼ਾ ਹਨ।

ਜਿਸ ਨੂੰ ਅਸੀਂ ਆਧੁਨਿਕਤਾ ਕਹਿੰਦੇ ਹਾਂ, ਉਸ ਵਿਚ ਵੀ ਬਹੁਤਾ ਭਾਗ ਪਰੰਪਰਾ ਦਾ ਹੁੰਦਾ ਹੈ, ਜਿਹੜਾ ਆਧੁਨਿਕਤਾ ਨੂੰ ਨਹੀਂ, ਪਰੰਪਰਾ ਨੂੰ ਮਜ਼ਬੂਤ ਕਰਦਾ ਹੈ।

ਨੈਤਿਕ ਭਾਸ਼ਾ ਇਨਕਾਰਾਂ, ਰੋਕਾਂ, ਬੰਧਨਾਂ, ਕਰਤੱਵਾਂ ਦੀ ਭਾਸ਼ਾ ਹੁਦੀ ਹੈ।

ਧਰਮ ਅਤੇ ਰੱਬ, ਮਨੁੱਖ ਦੇ ਮਨੁੱਖ ਬਣੇ ਰਹਿਣ ਲਈ ਜ਼ਰੂਰੀ ਹਨ।

ਉੱਚੇ ਅਤੇ ਵੱਡੇ ਵਿਚਾਰ, ਵਿਚਾਰ ਹੀ ਰਹਿੰਦੇ ਹਨ, ਜ਼ਿੰਦਗੀ ਨਿਤਾ-ਪ੍ਰਤੀ ਦੀਆਂ ਛੋਟੀਆਂ ਛੋਟੀਆਂ ਗੱਲਾਂ ਨਾਲ ਚੱਲਦੀ ਹੈ।

ਅਸਲੀ ਬਦਲੇ ਤਾਂ ਹਾਰੇ ਹੋਏ ਰਾਜਸੀ ਨੇਤਾਵਾਂ ਤੋਂ ਲਏ ਜਾਂਦੇ ਹਨ। ਅਜਿਹੇ ਬਦਲਿਆਂ ਵਿਚ ਨਫ਼ਰਤ ਪੂਰਨ ਭਾਂਤ ਸ਼ੁੱਧ ਅਤੇ ਈਰਖਾ ਸੰਘਣੀ ਹੁੰਦੀ ਹੈ, ਪਰ ਅਜਿਹਾ ਹਮੇਸ਼ਾ ਛੋਟੇ ਬੰਦੇ ਕਰਦੇ ਹਨ।

ਭੀੜੀਆਂ ਗਲੀਆਂ ਵਿਚ, ਉੱਚੀਆਂ ਨਜ਼ਰਾਂ ਅਤੇ ਖੁੱਲ੍ਹੇ ਇਰਾਦਿਆਂ ਵਾਲੇ ਦੂਰਅੰਦੇਸ਼ ਲੋਕ ਨਹੀਂ ਮਿਲਦੇ।

ਅਸੀਂ ਇਲੈਕਟ੍ਰੋਨਿਕ ਦੋਸਤੀਆਂ ਦੇ ਦੌਰ ਵਿਚ ਵਿਚਰ ਰਹੇ ਹਾਂ। ਹੁਣ ਟੈਲੀਵਿਜ਼ਨ, ਕੰਪਿਊਟਰ, ਟੈਲੀਫੋਨ ਆਦਿ ਸਾਡੇ ਦੋਸਤ-ਰਿਸ਼ਤੇਦਾਰ ਹਨ।

ਕਿਸੇ ਰਚਨਾ ਵਿਚ ਕੁਝ ਵੀ ਘਟਾ-ਵਧਾ ਨਾ ਸਕਣਾ, ਉਸ ਰਚਨਾ ਦੇ ਸੋਹਜ ਅਤੇ ਸੰਗਠਨ ਕਾਰਨ ਹੁੰਦਾ ਹੈ।

ਕੱਚੀ ਰਚਨਾ ਅਤੇ ਪੱਕੀ ਕਿਰਤ ਵਿਚ ਅੰਤਰ ਸਪੱਸ਼ਟ ਹੁੰਦਾ ਹੈ। ਕੱਚੀ ਰਚਨਾ ਵਿਚ ਬਹੁਤ ਕੁਝ ਫਾਲਤੂ ਹੁੰਦਾ ਹੈ, ਪੱਕੀ ਰਚਨਾ ਵਿਚ ਕੁਝ ਬਦਲਿਆ ਜਾਂ ਉਸ ਨੂੰ ਸੰਖੇਪ ਨਹੀਂ ਕੀਤਾ ਜਾ ਸਕਦਾ।

ਕੇਵਲ ਜੱਦੋ-ਜਹਿਦ ਕਿਸੇ ਕੰਮ ਨਹੀਂ ਆਵੇਗੀ, ਜੱਦੋ-ਜਹਿਦ ਦਾ ਉਦੇਸ਼ ਅਤੇ ਇਸ ਦੀ ਸਾਰਥਕਤਾ ਸਪੱਸ਼ਟ ਹੋਣੀ ਚਾਹੀਦੀ ਹੈ।

ਅਨੇਕਾਂ ਭਾਰਤੀ, ਜਾਲ੍ਹੀ ਵੀਜ਼ਿਆਂ ਨਾਲ ਅਮਰੀਕਾ ਪਹੁੰਚ ਕੇ, ਉਥੋਂ ਦੇ ਜਲ ਵਿਚ ਜਲ ਵਾਂਗ ਸਮਾ ਜਾਂਦੇ ਹਨ।

ਮਨੁੱਖ ਦੀ ਪਛਾਣ ਦਾ ਇਕ ਆਧਾਰ, ਉਸ ਦਾ ਹਾਸਾ ਹੁੰਦਾ ਹੈ; ਸੰਕੋਚਵਾਂ, ਖੁੱਲ੍ਹਾ-ਖੁਲਾਸਾ, ਹੰਕਾਰਿਆ, ਵਿਅੰਗਮਈ, ਤਹਿਦਾਰ, ਬਹੁ-ਮੰਜ਼ਲਾ।

ਪਿੰਡਾਂ ਵਿਚ ਵੀ ਹੁਣ ਚਾਹ ਨੇ ਲੱਸੀ ਨੂੰ ਅਤੇ ਕੋਕੇ-ਕੋਲੇ ਨੇ ਦੁੱਧ ਨੂੰ ਬੇਦਖ਼ਲ ਕਰ ਦਿੱਤਾ ਹੈ।

ਭਾਰਤ ਆਈ ਇਕ ਅਮਰੀਕਨ ਔਰਤ ਨੇ, ਪੰਜਾਬੀ ਵਿਆਹ ਵਿਚ ਡੋਲੀ ਦੀ ਰਸਮ ਵੇਲੇ ਪੁੱਛਿਆ: ਜੇ ਲੜਕੀ ਆਪਣੇ ਪਤੀ ਦੇ ਘਰ ਜਾ ਰਹੀ ਹੈ ਤਾਂ ਇਸ ਵਿਚ ਰੋਣ ਵਾਲੀ ਕਿਹੜੀ ਗੱਲ ਹੈ?

ਚਿੱਟੇ ਵਾਲਾਂ ਨੂੰ ਡਰ ਨਹੀਂ ਲਗਦਾ, ਇਹ ਡੂੰਘੇ ਤਜਰਬੇ ਕਾਰਨ ਨਿਡਰ ਹੋ ਜਾਂਦੇ ਹਨ।

ਜਦੋਂ ਕੋਈ ਬਹੁਤ ਵੱਡੀ ਘਟਨਾ ਵਾਪਰਦੀ ਹੈ ਤਾਂ ਉਸ ਨਾਲ ਕੋਈ ਵੱਡੀ ਸਮਾਜਿਕ ਤਬਦੀਲੀ ਵੀ ਵਾਪਰਦੀ ਹੈ। ਦੂਜੇ ਵਿਸ਼ਵ ਯੁੱਧ ਨੇ ਭਾਰਤ ਵਿਚ, ਚਾਹ ਘਰ-ਘਰ ਪਹੁੰਚਾ ਦਿੱਤੀ। ਸੰਤਾਲੀ ਦੀ ਵੰਡ ਨੇ ਇਸਤਰੀ ਨੂੰ ਘੁੰਡ ਤੋਂ ਆਜ਼ਾਦ ਕਰ ਦਿੱਤਾ।

ਪ੍ਰਸਿੱਧੀ ਨਾਲ ਆਕੜ ਆਉਂਦੀ ਹੈ, ਬਹੁਤਿਆਂ ਵਿਚ ਵਾਧੂ ਅਤੇ ਕਿਸੇ-ਕਿਸੇ ਵਿਚ ਸੰਕੋਚਵੀਂ ਅਤੇ ਢੁੱਕਵੀਂ।

ਅਸਫਲ ਹੋਣ ਦਾ ਦੁੱਖ ਹੋਣਾ ਚਾਹੀਦਾ ਹੈ ਪਰ ਯਤਨ ਕਰਨ ਦਾ ਮਾਣ ਵੀ ਹੋਣਾ ਚਾਹੀਦਾ ਹੈ।

ਉਮਰਾਂ ਲੰਮੀਆਂ ਹੋ ਜਾਣ ਕਰਕੇ, ਹੁਣ ਜਵਾਨੀ, ਅੱਧਖੜ ਉਮਰ ਅਤੇ ਬੁਢਾਪੇ ਬਾਰੇ ਸਾਡੇ ਸੰਕਲਪ ਬਦਲਣਗੇ।

ਕਿਸੇ ਦੀ ਨਜ਼ਰ ਵਿਚੋਂ ਡਿਗ ਕੇ, ਨਜ਼ਰ ਵਿਚ ਫਿਰ ਉੱਠਣਾ ਸੰਭਵ ਨਹੀਂ ਹੁੰਦਾ।

ਖੰਡਰਾਂ ਦੇ ਦਰਵਾਜ਼ੇ ਨਹੀਂ ਹੁੰਦੇ।

ਰਹਿ, ਮੇਰੇ ਸੀਨੇ ਵਿਚ ਰਹਿ, ਭਾਵੇਂ ਦਰਦ ਬਣ ਕੇ ਰਹਿ।

ਝੜਦੇ ਹੋਏ ਪੱਤੇ ਹੀ ਨਾ ਵੇਖ, ਖਿੜਦੇ ਹੋਏ ਚਿਨਾਰ ਵੀ ਵੇਖ।

ਅੱਖ ਵਿਚ ਆਇਆ ਅਥਰੂ, ਮੁੜ ਜਾਣ ਦੇ ਯਤਨ ਵਿਚ ਸਫਲ ਨਹੀਂ ਹੁੰਦਾ।

ਭੀੜ ਦਾ ਅਭਿਲਾਸ਼ੀ, ਉੱਤਮ ਚੀਜ਼ਾਂ ਦਾ ਤਾਂਘਵਾਨ ਨਹੀਂ ਹੁੰਦਾ।

ਕੀ ਪਤਾ ਖੇਤਾਂ ਵਿਚ ਹੱਸਦੀ ਕਪਾਹ ਕਿਸ ਦੇ ਜਿਸਮ ਦਾ ਲਿਬਾਸ ਬਣੇਗੀ?

ਉਹ ਦਿਸਹਦੇ ਵਾਂਗ ਦੂਰ ਸੀ, ਉਹ ਪਰਛਾਵੇਂ ਵਾਂਗ ਸਦਾ ਕੋਲ ਹੁੰਦੀ ਸੀ।

ਬਚਪਨ ਵਿਚ ਦਿਲ ਵਰਗਾ ਹਰ ਘਰ ਸੀ, ਮਾਂ ਜਿਹੀ ਹਰ ਗਲੀ ਸੀ।

ਜੇ ਮੰਜ਼ਲ ਗੁਆਚ ਜਾਵੇ ਤਾਂ ਰਾਹ ਵੀ ਸੌਂ ਜਾਂਦੇ ਹਨ।

ਜੇ ਲਿਬਾਸ ਸਹੀ ਨਹੀਂ ਹੈ ਤਾਂ ਸ਼ਕਲ ਵੀ ਵਿਗੜੀ ਹੋਈ ਹੋਵੇਗੀ।

ਆਪਣੇ ਝੂਠ ਨੂੰ ਪੁੱਠਾ ਕਰਕੇ ਵੇਖੋ, ਸੱਚ ਦਿਸ ਜਾਵੇਗਾ।

ਬੜੀ ਉਡੀਕ ਕੀਤੀ, ਇਤਨੀ ਉਡੀਕ ਕੀਤੀ ਕਿ ਦਰੱਖਤਾਂ ਉੱਤੇ ਘਾਹ ਉੱਗ ਆਇਆ ਸੀ।

ਗੋਰੀਆਂ ਨਦੀਆਂ, ਚੰਚਲਹਾਰੀਆਂ, ਖਾਰੀਆਂ ਹੁੰਦੀਆਂ ਹਨ। ਇਹ ਨਾ ਅੱਗ ਬੁਝਾਉਂਦੀਆਂ ਹਨ ਨਾ ਪਿਆਸ ਮਿਟਾਉਂਦੀਆਂ ਹਨ।

ਕਈ ਵਾਰੀ ਆਪਣੇ ਘਰ ਦਾ ਬੂਹਾ ਅਜਨਬੀਆਂ ਵਾਂਗ ਖੜਕਾਉਣਾ ਪੈਂਦਾ ਹੈ।

ਉਸ ਨੇ ਬਾਕੀ ਦੀ ਜ਼ਿੰਦਗੀ, ਹੰਝੂਆਂ ਦੀ ਲੋਅ ਵਿਚ ਗੁਜ਼ਾਰੀ ਸੀ।

ਜ਼ਿੰਦਗੀ ਵਿਚ ਨਵੇਂ, ਅਜਨਬੀ ਅਤੇ ਦਿਲਚਸਪ ਬੰਦੇ ਮਿਲਦੇ ਰਹਿਣ ਤਾਂ ਬੰਦਾ ਉਤਸ਼ਾਹ ਵਿਚ ਰਹਿੰਦਾ ਹੈ।

ਪਹੀਏ ਦੀ ਕਾਢ ਵਿਚ, ਸਭ ਤੋਂ ਮਹੱਤਵਪੂਰਨ ਪੱਖ ਉਸ ਵਿਚ ਕੱਢੀ ਗਈ ਮੋਰੀ ਸੀ। ਜਦੋਂ ਕੁਲਹਾੜੀ ਬਣੀ ਤਾਂ ਮਹੱਤਵਪੂਰਨ ਪੱਖ ਦਸਤਾ ਪਾਉਣ ਲਈ ਮੋਰੀ ਸੀ। ਕਿਸੇ ਚੀਜ਼ ਵਿਚ, ਉਸ ਨੂੰ ਮਹੱਤਵਪੂਰਨ ਬਣਾਉਣ ਵਾਲਾ, ਕੋਈ ਹੋਰ ਪੱਖ ਹੁੰਦਾ ਹੈ।

• ਘੱਟ ਤਨਖ਼ਾਹ 'ਤੇ ਕਰਮਚਾਰੀ ਰੱਖਣ ਨਾਲ ਬੱਚਤ ਨਹੀਂ ਹੋਵੇਗੀ, ਮੁਨਾਫ਼ਾ ਘੱਟੇਗਾ।

ਹੁਣ ਵਫ਼ਾਦਾਰੀ ਪੱਛੜਿਆਂ ਹੋਇਆਂ ਦਾ ਲੱਛਣ ਸਮਝੀ ਜਾਂਦੀ ਹੈ।

ਆਪਣੀ ਪਹੁੰਚ ਵਿਚ ਅਸੀਂ ਉਸ ਨੂੰ ਗਿਣਦੇ ਹਾਂ, ਜਿਹੜਾ ਸਾਡੀ ਬੋਲੀ ਬੋਲੇ।

ਅਸੀਂ ਸਹੀ ਵਿਹਾਰ, ਅਕਸਰ ਉਦੋਂ ਹੀ ਕਰਦੇ ਹਾਂ ਜਦੋਂ ਕੋਈ ਵੇਖ ਰਿਹਾ ਹੋਵੇ।

ਯੂਨੀਵਰਸਿਟੀ ਪਹੁੰਚ ਕੇ ਥੋੜ੍ਹੇ ਜਿਹੇ ਅਰਸੇ ਵਿਚ ਹੀ ਕੁੜੀਆਂ ਦੇ ਖੰਭ ਅਤੇ ਮੁੰਡਿਆਂ ਦੀ ਟੌਅਰ ਨਿਕਲ ਆਉਂਦੀ ਹੈ।

ਸਾਡੇ ਸਭਿਆਚਾਰ ਵਿਚ ਮਹਿਮਾਨ ਉੱਤੇ ਕੋਈ ਵਿਹਾਰਕ ਨੇਮ ਲਾਗੂ ਨਹੀਂ ਹੁੰਦਾ। ਇਸੇ ਲਈ ਉਸ ਦੇ ਜਾਣ 'ਤੇ ਅਸੀਂ ਸੁੱਖ ਦਾ ਸਾਹ ਲੈਂਦੇ ਹਾਂ।

ਭੁੱਖਿਆਂ ਨੂੰ, ਸੈਰ-ਕਸਰਤ ਦਾ ਖ਼ਿਆਲ ਨਹੀਂ ਆਉਂਦਾ, ਇਹ ਰੱਜਿਆਂ ਦੀਆਂ ਲੋੜਾਂ ਅਤੇ ਮੌਜਾਂ ਹਨ।

ਕਈ ਅਨੁਭਵਾਂ ਦਾ ਮਹੱਤਵ ਤਾਂ ਹੀ ਹੁੰਦਾ ਹੈ, ਜੇ ਢੁੱਕਵੀਂ ਉਮਰ ਵਿਚ ਪ੍ਰਾਪਤ ਹੋਣ ਨਹੀਂ ਤਾਂ ਇਹ ਕੁਵੇਲੇ ਦੀਆਂ ਬਾਂਗਾਂ ਹੀ ਸਿੱਧ ਹੁੰਦੇ ਹਨ।

ਗੱਲਾਂ ਕਰਨ ਨਾਲ ਸੈਰ ਦਾ ਜ਼ੋਰ ਘੱਟ ਜਾਂਦਾ ਹੈ, ਸੈਰ ਢਿੱਲੀ ਹੋ ਜਾਂਦੀ ਹੈ। ਗੱਲਾਂ ਵਾਲੀ ਸੈਰ ਥਕਾਵਟ ਦੂਰ ਨਹੀਂ ਕਰਦੀ, ਥਕਾਵਟ ਵਧਾਉਂਦੀ ਹੈ।

ਜ਼ਿੰਦਗੀ ਨੂੰ ਮਾਣਨਾ ਅਤੇ ਸਮਝਣਾ ਦੋ ਵੱਖਰੇ ਕਾਰਜ ਹਨ। ਸਮਝ ਕੇ ਮਾਣਨਾ ਵਧੇਰੇ ਤਸੱਲੀ ਦੇਣ ਵਾਲਾ ਕਾਰਜ ਹੁੰਦਾ ਹੈ।

ਭਗਤੀ ਲਈ ਗੁਫ਼ਾਵਾਂ ਅਤੇ ਸਮਾਧੀ ਲਈ ਭੌਰਿਆਂ ਵਿਚ ਵੜਨ ਵਾਲਾ ਮਨੁੱਖ, ਦੁੱਖ ਦਾ ਸੁਖ ਭਾਲਦਾ ਹੈ। ਅਜਿਹਾ ਭਾਰਤ ਵਿਚ ਹੀ ਕੀਤਾ ਜਾਂਦਾ ਹੈ।

ਯੂਨੀਵਰਸਿਟੀ ਵਿਚ ਪੜ੍ਹਦਿਆਂ ਵਿਦਿਆਰਥੀ, ਕੱਚੀਆਂ ਦੁਸ਼ਮਣੀਆਂ ਅਤੇ ਪੱਕੀਆਂ ਦੋਸਤੀਆਂ ਪਾਲਦੇ ਹਨ।

ਇਸ ਸੰਸਾਰ ਅਤੇ ਜੀਵਨ ਵਿਚ ਮਨੁੱਖ ਚੱਜ ਨਾਲ ਜਿਊਂਦਾ ਹੀ ਨਹੀਂ, ਇਸੇ ਕਰਕੇ ਉਸ ਨੂੰ ਅਗਲੇਰੇ ਜਨਮਾਂ ਦੀ ਲੋੜ ਪੈਂਦੀ ਹੈ।

ਅਣਜਾਣੇ ਦਾ ਭੈਅ, ਮਨੁੱਖ ਨੂੰ ਪੂਜਾ-ਪਾਠ, ਭਜਨ-ਕੀਰਤਨ ਵੱਲ ਪ੍ਰੇਰਦਾ ਹੈ।

• ਜਦੋਂ ਤੱਕ ਔਰਤ ਆਪਣੇ ਆਪ ਬਾਰੇ ਨਹੀਂ ਸੋਚਦੀ, ਉਹ ਵਿਕਾਸ ਨਹੀਂ ਕਰਦੀ। ਪਤੀ ਅਤੇ ਪਰਿਵਾਰ ਲਈ ਸੋਚਣਾ, ਉਸ ਦਾ ਕਰਤੱਵ ਹੋਣਾ ਚਾਹੀਦਾ ਹੈ, ਆਪਣੇ ਆਪ ਬਾਰੇ ਸੋਚਣਾ ਉਸ ਦਾ ਸ਼ੌਕ ਹੋਣਾ ਚਾਹੀਦਾ ਹੈ।

ਵਿਦਵਾਨ ਦੀ ਦਿਲਚਸਪੀ, ਵਿਅਕਤੀਆਂ ਨਾਲੋਂ, ਵਿਚਾਰਾਂ, ਸਿਧਾਂਤਾਂ ਅਤੇ ਪੁਸਤਕਾਂ ਵਿਚ ਵਧੇਰੇ ਹੁੰਦੀ ਹੈ।

ਔਰਤ ਵੀ ਬੜੀ ਸ਼ਕਤੀਸ਼ਾਲੀ ਹੁੰਦੀ ਹੈ ਪਰ ਉਸ ਕੋਲ ਤਲਵਾਰ ਵਾਲੀ ਤਾਕਤ ਨਹੀਂ ਹੁੰਦੀ, ਇਹ ਮਮਤਾ ਦੀ ਤਾਕਤ ਹੁੰਦੀ ਹੈ। ਤਲਵਾਰ ਵਾਲੀ ਤਾਕਤ ਜ਼ਖ਼ਮੀ ਕਰਦੀ ਹੈ, ਮਮਤਾ ਵਾਲੀ ਤਾਕਤ, ਜ਼ਖ਼ਮੀ ਦੀ ਦੇਖਭਾਲ ਕਰਦੀ ਹੈ।

ਨਕਲ ਕਰਨ ਦੀ ਆਦਤ ਕਮਜ਼ੋਰੀ ਵਿਚੋਂ ਉਪਜਦੀ ਹੈ ਅਤੇ ਨਕਲ ਕਰਨ ਵਾਲੇ ਨੂੰ ਹੋਰ ਕਮਜ਼ੋਰ ਕਰਦੀ ਹੈ।

ਪਿਤਾ, ਧੀਆਂ ਦੇ ਹੀ ਵਿਆਹ ਕਰਦਾ ਹੈ, ਪੁੱਤਰਾਂ ਦੇ ਹੋ ਜਾਂਦੇ ਹਨ।

• ਕੋਈ ਕਹਿ ਰਿਹਾ ਸੀ: ਉਨ੍ਹਾਂ ਦੇ ਪੈਰਾਂ 'ਤੇ ਮੈਂ ਸਿਰ ਵੀ ਰੱਖਿਆ, ਪਰ ਮੁਆਫ਼ੀ ਦੇ ਕੇ ਉਨ੍ਹਾਂ ਨੂੰ ਵੱਡਾ ਬਣਨਾ ਨਹੀਂ ਆਇਆ।

ਅਸੀਂ ਉਮਰ ਦੀ ਆਪਣੀ-ਆਪਣੀ ਪੌੜੀ ਨਾਲ ਬੰਨ੍ਹੇ ਹੋਏ ਹਾਂ।

• ਹੁਣ ਕਿਸੇ ਨੂੰ ਆਪਣੇ ਦਰਦ ਦੱਸਣੇ ਸੰਭਵ ਨਹੀਂ ਰਹੇ, ਕਿਉਂਕਿ ਅੱਗੋਂ ਦੁਗਣੇ-ਤਿਗਣੇ ਸੁਣਨੇ ਪੈਂਦੇ ਹਨ।

• ਨਫ਼ਰਤ ਤਿਆਗ ਦਿਓ, ਪਿਆਰ ਕਰਨਾ ਆਪੇ ਆ ਜਾਵੇਗਾ। ਬੇਈਮਾਨੀ ਛੱਡ ਦਿਓ, ਇਮਾਨਦਾਰੀ ਆਪੇ ਜਨਮ ਲੈ ਲਵੇਗੀ। ਧੋਖਾ ਤਿਆਗ ਦਿਓ, ਹਮਦਰਦੀ ਜਾਗ ਪਏਗੀ, ਬੁਰਾਈਆਂ ਛੱਡਣ ਨਾਲ ਕਰਮ ਚੰਗੇ ਹੋ ਜਾਣਗੇ, ਆਲਸ ਨੂੰ ਤਿਲਾਂਜਲੀ ਦੇ ਦਿਓ, ਹਿੰਮਤ ਕਹੇਗੀ: ਮੈਂ ਤਿਆਰ ਹਾਂ।

• ਅਧਿਕ ਪਿਆਰ ਕਰਨ ਵਾਲੀ ਇਸਤਰੀ ਪੁਰਸ਼ 'ਤੇ ਨਿਰਭਰ ਕਰਨ ਲੱਗ ਪੈਂਦੀ ਹੈ ਅਤੇ ਹੋਰ ਕਮਜ਼ੋਰ ਹੋ ਜਾਂਦੀ ਹੈ। ਪਿਆਰ ਚੰਗੀ ਗੱਲ ਹੈ ਪਰ ਕਿਸੇ 'ਤੇ ਆਸ਼ਰਿਤ ਹੋਣਾ ਚੰਗੀ ਗੱਲ ਨਹੀਂ। ਆਪਣੀ ਸੁਤੰਤਰਤਾ ਬਣਾਈ ਰੱਖਣੀ ਅਤੇ ਉਸ ਦੀ ਰਾਖੀ ਕਰਨੀ ਬੜੀ ਜ਼ਰੂਰੀ ਹੁੰਦੀ ਹੈ।

ਈਦ ਵਾਲੀਆਂ ਜਫੀਆਂ, ਫੋਟੋਆਂ ਖਿਚਵਾਉਣ ਲਈ ਹੁੰਦੀਆਂ ਹਨ।

ਸੰਸਾਰ ਅਤੇ ਸਮਾਜ ਸੋਹਣੀ, ਇਕੱਲੀ ਇਸਤਰੀ ਬਾਰੇ ਚੰਗਾ ਨਹੀਂ ਸੋਚਦਾ, ਇਸ ਲਈ ਉਹ ਕਿਸੇ ਪੁਰਸ਼ ਨੂੰ ਪਤੀ ਬਣਾਉਣ ਲਈ ਮਜਬੂਰ ਹੋ ਜਾਂਦੀ ਹੈ।

ਸ਼ੀਆ ਅਤੇ ਸੁੰਨੀ, ਚੌਦ੍ਹਾਂ ਸਦੀਆਂ ਪਹਿਲਾਂ ਵੱਖ ਹੀ ਹੋਏ ਸਨ, ਹੁਣ ਤਾਂ ਜਾਨੀ ਦੁਸ਼ਮਣ ਵੀ ਹਨ।

ਇਸਤਰੀ, ਸ਼ਕਤੀਸ਼ਾਲੀ ਉਦੋਂ ਬਣਦੀ ਹੈ, ਜਦੋਂ ਉਹ ਜਿਸ ਮਰਦ ਨੂੰ ਪਿਆਰ ਕਰਦੀ ਹੈ, ਉਸ ਤੋਂ ਬਾਹਰ ਵੀ ਸੋਚਦੀ ਹੈ; ਉਹ ਸੁਤੰਤਰ ਉਦੋਂ ਹੁੰਦੀ ਹੈ, ਜਦੋਂ ਆਪਣੇ ਬਾਰੇ ਸੋਚਦੀ ਹੈ।

ਪ੍ਰੇਮੀ ਅਤੇ ਪ੍ਰੇਮਿਕਾ ਸਮਝਦੇ ਹਨ ਕਿ ਉਨ੍ਹਾਂ ਦਾ ਪਿਆਰ ਸਿੱਧੀ ਰੇਖਾ ਵਰਗਾ ਹੈ ਪਰ ਉਨ੍ਹਾਂ ਨੂੰ ਪਤਾ ਹੀ ਨਹੀਂ ਲੱਗਦਾ ਕਿ ਕਦੋਂ ਇਹ ਸਿੱਧੀ ਰੇਖਾ ਤਿਕੋਣ ਬਣ ਜਾਂਦੀ ਹੈ।

ਜੇ ਕੋਈ ਬੁਲਾਏ ਜਾਣ 'ਤੇ, ਆਪਣੀ ਮਹਿਬੂਬ ਨੂੰ ਮਿਲਣ ਜਾਂਦਾ ਹੈ ਤਾਂ ਦਿਲ ਤਾਂ ਪਹਿਲਾਂ ਹੀ ਅਪੜਿਆ ਹੁੰਦਾ ਹੈ, ਸਰੀਰ ਨੇ ਹੀ ਪਹੁੰਚਣਾ ਹੁੰਦਾ ਹੈ।

ਪੁਰਸ਼ ਦਾ ਮੁੱਖ ਕੰਮ ਕਿਸੇ ਇਸਤਰੀ ਨੂੰ ਹਰ ਵੇਲੇ ਪਿਆਰ ਕਰਨਾ ਨਹੀਂ ਹੁੰਦਾ, ਕੁਝ ਨਵਾਂ, ਚੰਗੇਰਾ ਕਰਕੇ ਸੰਸਾਰ ਦੇ ਅਤੇ ਆਪਣੇ ਵਸੀਲਿਆਂ ਵਿਚ ਵਾਧਾ ਕਰਨਾ ਵੀ ਹੁੰਦਾ ਹੈ। ਇਸਤਰੀ ਦਾ ਸਾਥ ਅਤੇ ਪਿਆਰ, ਉਸ ਲਈ ਇਨਾਮ ਅਤੇ ਤੋਹਫ਼ਾ ਹੋਣਾ ਚਾਹੀਦਾ ਹੈ, ਉਸ ਦਾ ਰੋਜ਼ਗਾਰ ਨਹੀਂ।

ਪੂਰੀ ਚੀਜ਼ ਨਾਲੋਂ ਅਧੂਰੀ ਚੀਜ਼ ਵਿਚ ਵਧੇਰੇ ਪਰਿਵਰਤਨ ਵਾਪਰਦੇ ਹਨ। ਅਧੂਰਾ ਚਿੱਤਰ, ਚਿੱਤਰਕਾਰ ਨੂੰ ਵੰਗਾਰਦਾ ਰਹਿੰਦਾ ਹੈ ਅਤੇ ਚਿੱਤਰਕਾਰ ਅਧੂਰੇ ਚਿੱਤਰ ਨਾਲ ਛੇੜ-ਛਾੜ ਕਰਦਾ ਰਹਿੰਦਾ ਹੈ ਅਤੇ ਉਹ ਚਿੱਤਰ ਕੁਝ ਦਾ ਕੁਝ ਬਣ ਜਾਂਦਾ ਹੈ।

ਜੇ ਉਦੇਸ਼ ਮਨਭਾਉਂਦਾ ਹੋਵੇ ਤਾਂ ਜੱਦੋ-ਜਹਿਦ ਮੁਹੱਬਤ ਹੋ ਨਿਬੜਦੀ ਹੈ।

ਇਸਤਰੀ ਜਦੋਂ ਆਪਣੀ ਆਜ਼ਾਦੀ ਤਿਆਗ ਕੇ, ਕਿਸੇ ਪੁਰਸ਼ ਦੇ ਪਿੱਛੇ ਟੁਰਨ ਲੱਗ ਪੈਂਦੀ ਹੈ ਤਾਂ ਉਹ ਬੜੀ ਜਲਦੀ ਥੱਕ ਜਾਂਦੀ ਹੈ।

ਪਰੰਪਰਾਵਾਂ ਰਾਤੋ-ਰਾਤ ਨਹੀਂ ਬਦਲਦੀਆਂ, ਕਿਉਂਕਿ ਜੋ ਸੌਖਿਆਂ ਬਦਲ ਜਾਵੇ ਉਹ ਪਰੰਪਰਾ ਨਹੀਂ ਹੁੰਦੀ।

ਜੇਲ੍ਹ ਵਿਚ ਮੁਲਾਕਾਤ ਹਫਤੇ ਜਾਂ ਮਹੀਨੇ ਵਿਚ ਇਕ ਵਾਰ ਵਾਪਰਦੀ ਹੈ, ਸੋ ਉੱਥੇ ਵਕਤ ਘੰਟਿਆਂ-ਦਿਨਾਂ ਅਨੁਸਾਰ ਨਹੀਂ ਚੱਲਦਾ, ਇਕ ਮੁਲਾਕਾਤ ਤੋਂ ਦੂਜੀ ਮੁਲਾਕਾਤ ਅਨੁਸਾਰ ਚੱਲਦਾ ਹੈ।

ਇਸਤਰੀ ਆਪਣੇ ਵਿਸ਼ਵਾਸ ਦਾ ਟੁੱਟਣਾ ਬਰਦਾਸ਼ਤ ਨਹੀਂ ਕਰ ਸਕਦੀ। ਉਸ ਦਾ ਸਭ ਤੋਂ ਵੱਡਾ ਵਿਸ਼ਵਾਸ ਹੁੰਦਾ ਹੈ ਕਿ ਉਹ ਆਪਣੇ ਪਤੀ ਦੀ ਜ਼ਿੰਦਗੀ ਹੈ।

ਸ਼ਹਿਰਾਂ-ਰਾਜਧਾਨੀਆਂ ਵਿਚ ਮਾਨਸਿਕ ਅਤੇ ਰਾਜਨੀਤਕ ਦੁਚਿੱਤੀਆਂ ਅਤੇ ਉਲਝਣਾਂ ਹੁੰਦੀਆਂ ਹਨ, ਪਿੰਡਾਂ-ਕਸਬਿਆਂ ਵਿਚ ਧਾਰਮਿਕ ਟਕਰਾਓ, ਇਸਤਰੀ ਪ੍ਰਤੀ ਵਿਤਕਰਾ ਅਤੇ ਜ਼ਾਤ-ਪਾਤੀ ਖਿੱਚੋਤਾਣ ਹੁੰਦੀ ਹੈ।

ਪਰੰਪਰਾਗਤ ਕਦਰਾਂ-ਕੀਮਤਾਂ ਵਾਲੇ ਕਈ ਜੋੜੇ, ਬੜੇ ਆਧੁਨਿਕ ਹੁੰਦੇ ਹਨ। ਪਾਲਦੇ ਪਰੰਪਰਾ ਹਨ, ਪਹਿਨਦੇ ਆਧੁਨਿਕਤਾ ਹਨ।

ਨਾਜਾਇਜ਼ ਸੰਬੰਧਾਂ ਵਿਚ ਆਤਮਘਾਤ ਨਹੀਂ ਕੀਤਾ ਜਾਂਦਾ, ਜਿਹੜਾ ਰੁਕਾਵਟ ਬਣਦਾ ਹੈ, ਉਸ ਦਾ ਕਤਲ ਹੁੰਦਾ ਹੈ।

ਵਿਰੋਧ ਵਿਚ, ਅਸੀਂ ਆਪਣੀ ਹੋਂਦ ਤੋਂ ਵੀ ਪਹਿਲਾਂ ਆਪਣੇ ਵਿਰੋਧੀ ਦੀ ਹੋਂਦ ਨੂੰ ਸਵੀਕਾਰ ਕਰਦੇ ਹਾਂ। ਵੈਰ ਵਿਚ ਦੂਜੇ ਦੀ ਹੋਂਦ ਨੂੰ ਮਿਟਾਉਣ ਦਾ ਉਪਰਾਲਾ ਕੀਤਾ ਜਾਂਦਾ ਹੈ।

ਹਿੰਦੂ ਧਰਮ ਵਿਚ ਸੁਖਾਂਤ ਦਾ ਹੀ ਸੰਕਲਪ ਹੈ। ਭਾਰਤ ਵਿਚ ਦੁਖਾਂਤ ਦਾ ਸੰਕਲਪ, ਇਸਲਾਮ ਨਾਲ ਆਇਆ। ਵਾਰਿਸ ਮੁਸਲਮਾਨ ਸੀ, ਉਸ ਦੀ ਹੀਰ ਦਾ ਕਿੱਸਾ ਦੁਖਾਂਤ ਹੈ। ਸਾਰੇ ਪ੍ਰਸਿੱਧ ਕਿੱਸਾਕਾਰ ਮੁਸਲਮਾਨ ਸਨ, ਸਾਰੇ ਕਿੱਸੇ ਦੁਖਾਂਤ ਹਨ।

ਕਿਸੇ ਸਭਿਆਚਾਰ ਦਾ ਮੁੱਖ ਪੇਸ਼ਾ ਹੀ ਉਸ ਦੇ ਸਭਿਆਚਾਰ-ਸਮਾਜ ਦਾ ਆਧਾਰ ਬਣਦਾ ਹੈ। ਪੰਜਾਬੀਆਂ ਦਾ ਮੁੱਖ ਪੇਸ਼ਾ ਖੇਤੀ ਹੈ, ਖੇਤ ਅਤੇ ਖੇਤੀ ਪੰਜਾਬੀ ਚੇਤਨਾ ਦਾ ਆਧਾਰ ਹਨ, ਇਸੇ ਕਰਕੇ ਬਾਂਝ ਇਸਤਰੀ ਬੰਜਰ ਕਹੀ ਜਾਂਦੀ ਹੈ।

ਮਨੁੱਖ ਚਾਹੁੰਦਾ ਟਿਕਾਓ ਹੈ ਪਰ ਯਤਨ ਟਕਰਾਓ ਵਾਲੇ ਕਰਦਾ ਹੈ।

ਵਿਆਹ ਵਿਚ, ਲਾੜੇ ਦੇ ਮਨੋਰੰਜਨ ਦੀ ਜ਼ਿੰਮੇਵਾਰੀ ਲਾੜੀ ਦੀਆਂ ਸਹੇਲੀਆਂ ਦੀ ਹੁੰਦੀ ਹੈ। ਲਾੜਾ ਜਿਹੋ ਜਿਹਾ ਮਨੋਰੰਜਨ ਚਾਹੇ, ਉਹੋ ਜਿਹਾ ਕਰ ਦਿੰਦੀਆਂ ਹਨ, ਹਾਸੇ-ਮਖੌਲ ਵਾਲਾ ਜਾਂ ਚੂੰਢੀਆਂ ਵਾਲਾ।

ਮਨੁੱਖੀ ਸਰੀਰ ਦੀਆਂ ਲੋੜਾਂ ਪੂਰੀਆਂ ਕਰਨ ਲਈ, ਭੋਜਨ ਅਤੇ ਕਾਮ ਦੀ ਭੁੱਖ ਮਨੁੱਖ ਨੂੰ ਕਰਮਸ਼ੀਲ ਬਣਾਈ ਰੱਖਦੀ ਹੈ।

ਸ਼ਬਦ ਥੋੜ੍ਹੇ ਅਤੇ ਅਰਥ ਬਹੁਤੇ, ਚੰਗੀ ਰਚਨਾ ਦੀ ਪਛਾਣ ਹੁੰਦੇ ਹਨ।

ਵਿਆਹ ਤੋਂ ਪਹਿਲਾਂ ਪੁਰਸ਼ ਇਸਤਰੀ ਦਾ ਪਿੱਛਾ ਕਰਦਾ ਹੈ। ਪਤਨੀ ਬਣ ਕੇ, ਇਸਤਰੀ ਪੁਰਸ਼ ਦੇ ਪਿੱਛੇ ਅਤੇ ਕਦੇ-ਕਦੇ ਨਾਲ ਚੱਲਦੀ ਹੈ ਪਰ ਹਰ ਵੇਲੇ ਪੁਰਸ਼ ਨੂੰ ਦੱਸਦੀ ਰਹਿੰਦੀ ਹੈ ਕਿ ਸੱਜੇ ਮੁੜ, ਸਿੱਧਾ ਟੁਰ, ਖੱਬੇ ਵੇਖ।

ਭਾਰਤਵਾਸੀਆਂ ਦੀ ਮੂਲ ਇੱਛਾ ਆਪਣਾ ਅਗਲਾ ਜਨਮ ਸੰਵਾਰਨ ਦੀ ਹੈ, ਸੋ ਇਸ ਜਨਮ ਵਿਚ ਵੀ ਉਹ ਕੋਈ ਉੱਥਲ-ਪੁੱਥਲ ਪਸੰਦ ਨਹੀਂ ਕਰਦੇ।

ਹਰ ਅਹੁਦੇ ਦੇ ਸੁੱਖ ਵੀ ਹੁੰਦੇ ਹਨ, ਜ਼ਿੰਮੇਵਾਰੀਆਂ ਵੀ ਹੁੰਦੀਆਂ ਹਨ, ਪ੍ਰੇਸ਼ਾਨੀਆਂ ਅਤੇ ਬੰਧਨ ਵੀ ਹੁੰਦੇ ਹਨ।

ਵਿਆਹ ਦਾ ਸੁਨਹਿਰੀ ਕਾਲ ਲਗਭਗ ਚਾਲ੍ਹੀ ਮਹੀਨੇ ਚੱਲਦਾ ਹੈ, ਇਸ ਉਪਰੰਤ ਇਸਤਰੀ-ਪੁਰਸ਼ ਵਰੀ-ਦਾਜ ਦੇ ਕੱਪੜੇ-ਤੋਹਫੇ ਹੰਢਾ ਕੇ ਆਪਣੀਆਂ ਅਸਲੀ ਆਦਤਾਂ ਅਨੁਸਾਰ ਵਿਹਾਰ ਕਰਨ ਲੱਗ ਪੈਂਦੇ ਹਨ। ਕਈ ਕਾਹਲੇ ਜੋੜੇ, ਚਾਲ੍ਹੀ ਦਿਨਾਂ ਵਿਚ ਹੀ ਆਪਣੀ ਅਸਲੀਅਤ ਪ੍ਰਗਟਾ ਦਿੰਦੇ ਹਨ।

ਭਾਰਤਵਾਸੀ ਕਰਾਂਤੀ ਨਾਲੋਂ ਸੁਧਾਰ ਨੂੰ ਵਧੇਰੇ ਪਸੰਦ ਕਰਦੇ ਹਨ ਪਰ ਸੁਧਾਰ ਸ਼ਬਦ ਨਹੀਂ ਵਰਤਦੇ, ਵਰਤਦੇ ਕਰਾਂਤੀ ਹੀ ਹਨ। ਧਰਮ ਦਾ ਪੈਂਤੜਾ ਸੁਧਾਰ ਵਾਲਾ ਹੁੰਦਾ ਹੈ, ਕਰਾਂਤੀ ਵਾਲਾ ਨਹੀਂ।

ਜਦੋਂ ਪਾਠਕ ਕੋਲ ਲੇਖਕ ਦੇ ਸ਼ਬਦਾਂ ਦੇ ਅਰਥ ਪਹੁੰਚ ਜਾਂਦੇ ਹਨ ਤਾਂ ਸ਼ਬਦਾਂ ਦਾ ਕੰਮ ਮੁੱਕ ਜਾਂਦਾ ਹੈ, ਜਿਵੇਂ ਯਾਤਰਾ ਕਰਨ ਉਪਰੰਤ, ਟਿਕਟ ਦਾ ਕੰਮ ਮੁੱਕ ਜਾਂਦਾ ਹੈ।

ਜੇ ਤੁਹਾਡੀ ਕੋਈ ਕਹਾਣੀ ਨਹੀਂ ਤਾਂ ਤੁਸੀਂ ਵੀ ਨਹੀਂ।

ਸਵੈ-ਭਰੋਸੇ ਨਾਲ ਭਰੇ ਹੋਏ ਵਿਅਕਤੀ ਨੂੰ ਲੋਕਾਂ ਦੀ ਪ੍ਰਸੰਸਾ ਜਾਂ ਆਲੋਚਨਾ ਦੀ ਪ੍ਰਵਾਹ ਨਹੀਂ ਹੁੰਦੀ।

ਕਿਸੇ ਚੰਗੇ ਬੰਦੇ ਅੱਗੇ ਨਿਵਣ ਨਾਲ ਅਸੀਂ ਉੱਚੇ ਹੋ ਗਏ ਮਹਿਸੂਸ ਕਰਦੇ ਹਾਂ।

ਕੁਝ ਸਰੂਰ ਹੁੰਦੇ ਹਨ, ਜਿਨ੍ਹਾਂ ਵਿਚ ਬਾਜ਼ ਵਾਂਗ ਹਵਾ ਤੋਂ ਉਲਟ ਉਡਾਰੀਆਂ ਭਰਨ ਦਾ ਹੌਸਲਾ ਹੁੰਦਾ ਹੈ।

ਦੇਸ਼ ਦੇ ਅਨੇਕਾਂ ਵਿਕਾਸ, ਸ਼ਹਿਰਾਂ ਤੱਕ ਹੀ ਰਹਿ ਜਾਂਦੇ ਹਨ, ਪਿੰਡਾਂ ਤੱਕ ਪਹੁੰਚਦੇ-ਪਹੁੰਚਦੇ, ਇਹ ਮਸਲੇ ਕੁਝ ਦੇ ਕੁਝ ਬਣ ਜਾਂਦੇ ਹਨ।

ਜ਼ਿੰਦਗੀ ਸਭ ਚੀਜ਼ਾਂ ਤੋਂ ਵੱਡੀ ਅਤੇ ਸੋਹਣੀ ਹੈ, ਜਿਹੜੀ ਚੀਜ਼ ਜ਼ਿੰਦਗੀ ਨੂੰ ਰੋਕਦੀ ਹੈ, ਉਹ ਕੋਝੀ ਹੀ ਹੋ ਸਕਦੀ ਹੈ।

ਪਾਪ ਦੇ ਖਿਲਾਫ਼ ਲੜ ਕੇ ਮਨੁੱਖ, ਪਵਿੱਤਰ ਹੋ ਜਾਂਦਾ ਹੈ।

ਜੋ ਪਹਿਲਾਂ ਮਿਲਣੀਆਂ ਹੁੰਦੀਆਂ ਹਨ, ਉਹ ਰਿਸ਼ਤਾ ਵਿਗੜਨ ਨਾਲ, ਮੁਕੱਦਮੇ ਦੀਆਂ ਤਰੀਕਾਂ ਬਣ ਜਾਂਦੀਆਂ ਹਨ।

ਇਸਤਰੀਆਂ ਜੀ-ਜੀ ਕਹਿ ਕੇ, ਤੂੰ-ਤੂੰ ਅਖਵਾਉਂਦੀਆਂ ਹਨ।

ਸੰਸਾਰ ਵਿਚ ਲੋਕਤੰਤਰ ਦਾ ਜਨਮਦਾਤਾ ਰੋਮ ਸੀ, ਜਿਹੜਾ ਗ਼ੁਲਾਮ ਪ੍ਰਥਾ ਦਾ ਪਾਲਣਹਾਰ ਵੀ ਸੀ।

ਸੰਸਾਰ ਵਿਚ ਸੁੱਖ ਤਾਂ ਕਰਮਾਂ ਨਾਲ ਮਿਲਣਗੇ, ਸ਼ਾਂਤੀ ਉਤਨੀ ਮਿਲੇਗੀ, ਜਿਤਨੀ ਪਤਨੀ ਦੇਵੇਗੀ।

ਹਿੰਦੀ ਦੇ ਪ੍ਰਸਿੱਧ ਗਲਪਕਾਰ ਮੁਨਸ਼ੀ ਪ੍ਰੇਮ ਚੰਦ ਦਾ ਅਸਲ ਨਾਂ ਧਨਪਤ ਰਾਏ ਸੀ, ਧਨ ਤਾਂ ਹੈ ਨਹੀਂ ਸੀ, ਆਪਣੀ ਪਤ ਬਚਾਉਣ ਵਾਲਾ ਨਾਂ ਪ੍ਰੇਮ ਚੰਦ ਰੱਖ ਲਿਆ, ਅਧਿਆਪਕ ਲੱਗ ਗਏ, ਅਧਿਆਪਕ ਤਾਂ ਲੱਗਦੇ ਨਹੀਂ ਸਨ, ਮੁਨਸ਼ੀ ਕਹੇ ਜਾਣ ਲੱਗ ਪਏ।

ਦੋਸਤ ਅਤੇ ਸਹੇਲੀਆਂ ਤਾਂ ਸਕੂਲਾਂ ਵਿਚ ਹੀ ਹੁੰਦੇ ਹਨ, ਕਾਲਜਾਂ ਵਿਚ ਸੰਧੀਆਂ ਅਤੇ ਸਮਝੌਤੇ ਹੁੰਦੇ ਹਨ।

ਜਿਥੇ ਬੁੱਧੀਮਾਨ ਵਧੇਰੇ ਹੋਣਗੇ, ਉੱਥੇ ਝਗੜੇ ਵਧੇਰੇ ਹੋਣਗੇ, ਮੁਕੱਦਮੇ ਵਧੇਰੇ ਹੋਣਗੇ।

ਰਾਮ ਦੁਆਪਰ ਯੁੱਗ ਦੇ ਸਨ, ਮਰਿਯਾਦਾ ਪ੍ਰਸ਼ੋਤਮ; ਕ੍ਰਿਸ਼ਨ ਤ੍ਰੇਤਾ ਯੁੱਗ ਦੇ ਸਨ, ਲੀਲ੍ਹਾ ਪ੍ਰਸ਼ੋਤਮ; ਨਾਨਕ ਕਲਿਯੁੱਗ ਦੇ ਹਨ, ਭਗਤੀ ਪ੍ਰਸ਼ੋਤਮ।

ਮਗਰਮੱਛ ਵਾਲੇ ਅੱਥਰੂ ਹੀ ਨਹੀਂ ਹੁੰਦੇ, ਮਗਰਮੱਛ ਵਾਲੀ ਮੁਸਕਰਾਹਟ ਵੀ ਹੁੰਦੀ ਹੈ।

ਸੋਚੋਗੇ, ਦੂਰ ਨਿਕਲ ਜਾਓਗੇ। ਕੁਝ ਸੋਚਣਾ ਹੈ ਤਾਂ ਦੂਰ ਨਿਕਲ ਜਾਓ।

ਕਵੀ ਬੋਲਦੇ ਹਨ, ਮਹਾਨ ਕਵੀ ਗੂੰਜਦੇ ਵੀ ਹਨ।

ਜ਼ਾਲਿਮ ਵੀ, ਫੋਟੋ ਮੁਸਕਰਾ ਕੇ ਹੀ ਖਿਚਵਾਉਂਦੇ ਹਨ।

ਨਿਰਾਸ਼ ਆਦਮੀ ਨੂੰ ਲੋਕ ਦੂਰੋਂ ਹੀ ਸਲਾਮ ਕਰਦੇ ਹਨ।

ਭਾਰਤ ਵਿਚ ਜਦੋਂ ਵੀ ਕੋਈ, ਕਿਸੇ ਨੂੰ ਪਿਆਰ ਕਰਦਾ ਹੈ, ਕਿਸੇ ਨਾ ਕਿਸੇ ਦੀ ਅੱਖ ਵਿਚ ਟੀਰ ਪੈਦਾ ਹੋ ਜਾਂਦਾ ਹੈ।

ਕਈ ਇਤਨੇ ਵੱਡੇ ਹੋ ਜਾਂਦੇ ਹਨ ਕਿ ਆਪਣੇ ਆਪ ਨੂੰ ਵੀ ਨਹੀਂ ਦਿਸਦੇ।

ਜਦੋਂ ਵੀ ਹਨੇਰੇ ਵਿਚ ਇਕੱਲੀ ਔਰਤ ਵੇਖੋ ਤਾਂ ਵੇਖਣਾ ਕਿ ਉਸ ਨੇ ਤੁਹਾਡੇ ਉੱਥੇ ਹੋਣ ਦਾ ਡਰ, ਕਿਵੇਂ ਛੁਪਾਇਆ ਹੋਇਆ ਹੈ।

ਜਿਨ੍ਹਾਂ ਨਾਲ ਮਿਲਣਾ ਸੰਭਵ ਨਹੀਂ ਹੁੰਦਾ, ਯਾਦ ਉਹੀ ਆਉਂਦੇ ਹਨ।

ਅਮਰੀਕਾ ਬਹੁਤ ਵੱਡੀ ਅੱਖ ਹੈ, ਜਿਹੜੀ ਸਾਰਿਆਂ ਨੂੰ ਵੇਖ ਰਹੀ ਹੈ।

ਕਿਤਾਬ ਕਾਪੀ ਉੱਤੇ ਹਾਸ਼ੀਆ, ਲਿਖਤ ਵਿਚ ਹਵਾ ਅਤੇ ਰੋਸ਼ਨੀ ਲਈ ਹੁੰਦਾ ਹੈ।

ਗੁਆਚੀ ਚੀਜ਼ ਦਾ ਮਹੱਤਵ, ਉਸ ਦੇ ਗੁਆਚੀ ਹੋਣ ਕਾਰਨ ਹੁੰਦਾ ਹੈ।

ਜ਼ਿੰਦਗੀ ਵਿਚ ਸਭ ਤੋਂ ਵੱਧ ਲੜਾਈਆਂ ਉਮੀਦ ਲੜਦੀ ਹੈ।

ਅਸੀਂ ਅਨੇਕਾਂ ਫੈਸਲੇ ਕੀਤੇ ਤਾਂ ਬਹੁਤ ਪਹਿਲਾਂ ਹੁੰਦੇ ਹਨ, ਦੱਸਣ ਦੀ ਹਿੰਮਤ ਬੜੀ ਦੇਰ ਮਗਰੋਂ ਉਪਜਦੀ ਹੈ, ਕਈ ਫੈਸਲਿਆਂ ਨੂੰ ਜੀਵਨ ਵਿਚ ਲਾਗੂ ਕਰਨ ਦਾ ਵਕਤ ਅਕਸਰ ਮਿਲਦਾ ਹੀ ਨਹੀਂ।

ਜਦੋਂ ਸਾਡਾ ਕੋਈ ਵਿਸ਼ਵਾਸ ਉਸਰ ਜਾਂਦਾ ਹੈ ਤਾਂ ਅਸੀਂ ਉਸ ਨੂੰ ਗ਼ਲਤ ਜਾਂ ਝੂਠਾ ਸਾਬਤ ਕਰਨ ਵਾਲਾ ਤਰਕ ਸੁਣਦੇ ਹੀ ਨਹੀਂ।

ਜਿਸ ਦੀਆਂ ਲਿਖਤਾਂ ਧਿਆਨ ਖਿੱਚਣਗੀਆਂ, ਉਹ ਸੋਚਣ ਲਈ ਮਜਬੂਰ ਵੀ ਕਰਨਗੀਆਂ।

ਜ਼ਿੰਦਗੀ ਦੇ ਅੰਤਲੇ ਪੜਾਓ ਵਿਚ ਪਤਾ ਲੱਗਦਾ ਹੈ ਕਿ ਜਿਨ੍ਹਾਂ ਚੀਜ਼ਾਂ ਬਾਰੇ ਅਸੀਂ ਬਹੁਤ ਸੋਚਿਆ, ਬਹੁਤ ਪ੍ਰੇਸ਼ਾਨ ਹੋਏ, ਉਹ ਚੀਜ਼ਾਂ ਫ਼ਜ਼ੂਲ ਸਨ।

ਅਸੀਂ ਦੂਜਿਆਂ ਦੀ ਨੀਯਤ ਵਿਚ ਉਹ ਸਾਰੀਆਂ ਚੀਜ਼ਾਂ ਵੀ ਪਾ ਦਿੰਦੇ ਹਾਂ, ਜੋ ਕਰਨ ਲਈ ਸਾਡਾ ਆਪਣਾ ਮਨ ਕਰ ਰਿਹਾ ਹੁੰਦਾ ਹੈ।

ਜਿਹੜਾ ਪ੍ਰਸੰਨ ਹੋਵੇਗਾ, ਉਹ ਬੋਲੇਗਾ, ਕਿਉਂਕਿ ਬੋਲਣਾ, ਪ੍ਰਸੰਨਤਾ ਵੰਡਣ-ਖਿਲਾਰਨ ਦਾ ਢੰਗ ਹੁੰਦੀ ਹੈ।

ਕਈ ਨਿੱਕੀਆਂ-ਨਿੱਕੀਆਂ ਗੱਲਾਂ 'ਤੇ ਗੰਭੀਰ ਹੋ ਜਾਂਦੇ ਹਨ, ਕਈ ਵੱਡੇ-ਵੱਡੇ ਖ਼ਤਰਿਆਂ ਦੀ ਪ੍ਰਵਾਹ ਨਹੀਂ ਕਰਦੇ, ਇਸ ਨੂੰ ਸੁਭਾਓ ਕਹਿੰਦੇ ਹਨ। ਪ੍ਰਵਾਹ ਨਾ ਕਰਨ ਵਾਲੇ ਅਕਸਰ ਜੀਵਨ ਵਧੇਰੇ ਮਾਣਦੇ ਹਨ, ਉਹ ਪ੍ਰਯੋਗ ਵਧੇਰੇ ਕਰਦੇ ਹਨ ਅਤੇ ਉਹ ਸਫਲ ਵੀ ਵਧੇਰੇ ਹੁੰਦੇ ਹਨ।

ਜਿਹੜੀ ਸੋਹਣੀ ਇਸਤਰੀ ਵਧੇਰੇ ਢੱਕੀ-ਕੱਜੀ ਹੁੰਦੀ ਹੈ, ਉਹ ਵਧੇਰੇ ਪ੍ਰਭਾਵਿਤ ਕਰਦੀ ਹੈ, ਕਿਉਂਕਿ ਉਹ ਪੁਰਸ਼ਾਂ ਦੀ ਕਲਪਨਾ ਨੂੰ ਵਧੇਰੇ ਟੁੰਬਦੀ ਹੈ। ਜਿਹੜੀ ਸਭ ਕੁਝ ਵਿਖਾ ਦਿੰਦੀ ਹੈ, ਉਹ ਕਲਪਨਾ ਨੂੰ ਨਹੀਂ ਟੁੰਬਦੀ, ਉਹ ਮਨ ਨੂੰ ਵੀ ਨਹੀਂ ਛੂੰਹਦੀ, ਉਹ ਕੁਝ ਪਲਾਂ ਲਈ ਸਰੀਰ ਨੂੰ ਹੀ ਉੱਤੇਜਿਤ ਕਰਦੀ ਹੈ।

ਰੂਸ ਵਿਚ ਇਨਕਲਾਬ ਉਪਰੰਤ ਕਰਾਂਤੀਕਾਰੀਆਂ ਨੇ ਪਹਿਲੇ ਹਾਕਮਾਂ ਦੀਆਂ ਕਰਵਾਈਆਂ ਉਸਾਰੀਆਂ ਢਾਹ ਦਿੱਤੀਆਂ ਸਨ ਪਰ ਉਨ੍ਹਾਂ ਨੇ ਪੁੱਲ ਨਹੀਂ ਢਾਹੇ, ਖੰਭੇ ਨਹੀਂ ਸੀ ਪੁੱਟੇ, ਇਹ ਵੀ ਤਾਂ ਪਹਿਲੇ ਹਾਕਮਾਂ ਨੇ ਬਣਵਾਏ-ਲਵਾਏ ਸਨ?

ਜਦੋਂ ਕਿਸੇ ਦੀ ਸੁੰਦਰਤਾ ਬਾਰੇ ਕਿਹਾ ਜਾਂਦਾ ਹੈ ਕਿ ਉਹ ਪ੍ਰਗਟਾਈ ਨਹੀਂ ਜਾ ਸਕਦੀ ਤਾਂ ਅਰਥ ਇਹ ਨਹੀਂ ਹੁੰਦਾ ਕਿ ਉਸ ਨੂੰ ਪ੍ਰਗਟਾਉਣਾ ਸੰਭਵ ਨਹੀਂ, ਸਗੋਂ ਇਹ ਹੁੰਦਾ ਹੈ ਕਿ ਕੋਈ ਪ੍ਰਗਟਾਵਾ ਸੰਤੋਖਜਨਕ ਨਹੀਂ ਹੋਵੇਗਾ।

ਜੇ ਕੁਝ ਕਰਨ ਦੀ ਹਿੰਮਤ ਹੀ ਨਹੀਂ ਤਾਂ ਵੱਡੀ ਤੋਂ ਵੱਡੀ ਯੋਗਤਾ ਵੀ ਕਿਸੇ ਕੰਮ ਨਹੀਂ ਆਵੇਗੀ, ਜੇ ਕੁਝ ਕਰਨ ਦੀ ਹਿੰਮਤ ਹੋਵੇ ਤਾਂ ਵੱਡੀ ਤੋਂ ਵੱਡੀ ਸਮੱਸਿਆ ਵੀ ਰਾਹ ਨਹੀਂ ਰੋਕ ਸਕਦੀ।

ਜਿਹੜੇ ਕੰਮ ਅਧੂਰੇ ਪਏ ਰਹਿੰਦੇ ਹਨ, ਉਨ੍ਹਾਂ ਦਾ ਜਾਂ ਤਾਂ ਉਦੇਸ਼ ਸਪੱਸ਼ਟ ਨਹੀਂ ਹੁੰਦਾ ਜਾਂ ਕਰਨ ਦਾ ਢੰਗ ਢੁੱਕਵਾਂ ਨਹੀਂ ਹੁੰਦਾ।

ਇਸਤਰੀ-ਪੁਰਸ਼ ਦੇ ਰਿਸ਼ਤੇ ਵਿਚ ਤੀਜਾ ਬੰਦਾ ਕਦੇ ਗ਼ਲਤਫ਼ਹਿਮੀ ਨਹੀਂ ਉਪਜਾਉਂਦਾ, ਗ਼ਲਤਫ਼ਹਿਮੀ ਤੀਜਾ ਬੰਦਾ ਉਪਜਾਉਂਦੀ ਹੈ।

ਸੁੰਦਰ ਅਤੇ ਉੱਤਮ ਉਸ ਨੂੰ ਕਹਿੰਦੇ ਹਨ, ਜੋ ਵੇਖਿਆ ਜਾਵੇ ਪਰ ਜਿਸ ਦੇ ਸੰਬੰਧ ਵਿਚ ਕੋਈ ਸੋਚ ਸੋਚੀ ਹੀ ਨਾ ਜਾ ਸਕੇ।

ਭੈੜੇ ਲੋਕ ਸਾਡਾ ਉਤਨਾ ਨੁਕਸਾਨ ਨਹੀਂ ਕਰਦੇ, ਜਿਤਨਾ ਨੁਕਸਾਨ ਚੰਗਿਆਂ ਦੀ ਲਾਪ੍ਰਵਾਹੀ ਅਤੇ ਅਣਗਹਿਲੀ ਨਾਲ ਹੁੰਦਾ ਹੈ।

ਲਤੀਫ਼ਾ ਤਾਂ ਹੀ ਪ੍ਰਭਾਵ ਪਾਉਂਦਾ ਹੈ, ਜੇ ਇਸ ਦਾ ਸੰਦਰਭ ਸਹੀ ਹੋਵੇ।

ਜਦੋਂ ਗੁੱਸਾ ਚੜ੍ਹਿਆ ਹੋਵੇ, ਜੇ ਸੰਭਵ ਹੋਵੇ ਤਾਂ ਘੜੀ ਤੇ ਵਕਤ ਵੇਖੋ, ਪਤਾ ਚੱਲ ਜਾਵੇਗਾ ਕਿ ਗੁੱਸਾ ਕਿਤਨਾ ਚਿਰ ਰਿਹਾ ਫਿਰ ਪਛਤਾਵੇ ਦਾ ਸਮਾਂ ਵੇਖੋ, ਸੋਝੀ ਹੋ ਜਾਵੇਗੀ ਕਿ ਸੌਦਾ ਨੁਕਸਾਨ ਵਾਲਾ ਰਿਹਾ ਹੈ।

ਪ੍ਰਸਿੱਧ ਵਿਅਕਤੀ ਉਹ ਹੁੰਦੇ ਹਨ, ਜਿਨ੍ਹਾਂ ਦੀਆਂ ਕਹਾਣੀਆਂ, ਦਾਦੀਆਂ ਆਪਣੇ ਪੋਤੇ-ਪੋਤੀਆਂ ਨੂੰ ਸੁਣਾਉਂਦੀਆਂ ਹਨ।

ਕਈਆਂ ਨੂੰ ਵੇਖ ਕੇ ਅਸੀਂ ਸੋਚਦੇ ਹਾਂ ਕਿ ਇਹ ਕਿਵੇਂ ਰਹਿੰਦੇ ਹੋਣਗੇ, ਕੀ ਅਤੇ ਕਿਵੇਂ ਖਾਂਦੇ ਹੋਣਗੇ, ਅਸੀਂ ਸੋਚ ਨਹੀਂ ਸਕਦੇ ਕਿ ਉਹ ਸਭ ਕੁਝ ਸਾਡੇ ਵਾਂਗ ਹੀ ਕਰਦੇ ਹਨ।

ਪ੍ਰਸੰਸਾ ਨਾਲ ਅਸੀਂ ਸ਼ਕਤੀਸ਼ਾਲੀ ਮਹਿਸੂਸ ਕਰਦੇ ਹਾਂ ਪਰ ਨਿਰੰਤਰ ਪ੍ਰਸੰਸਾ ਸਾਨੂੰ ਕਮਜ਼ੋਰ ਕਰਦੀ ਹੈ।

ਜਾਇਦਾਦ ਤੋਂ ਮਿਲਣ ਵਾਲੀ ਤਸੱਲੀ ਸੂਖਮ ਹੁੰਦੀ ਹੈ, ਮੈਂ ਮਾਲਕ ਹਾਂ। ਬੈਂਕ ਵਿਚਲੀ ਰਾਸ਼ੀ ਤੋਂ ਮਿਲਣ ਵਾਲੀ ਧਰਵਾਸ ਸਥੂਲ ਹੁੰਦੀ ਹੈ, ਮੇਰੇ ਕੋਲ ਹੈ।

ਮਨ ਦੇ ਸਾਹਮਣੇ ਜੋ ਕਈ ਮਸਲੇ ਹੋਣ ਤਾਂ ਅੱਧੇ ਨਾਲੋਂ ਵੱਧ ਕਲਪਨਾ ਹੁੰਦੇ ਹਨ।

ਅੱਸੀ ਸਾਲ ਦੀ ਉਮਰ ਉਪਰੰਤ ਮਨੁੱਖ ਮਰਨ ਤੋਂ ਨਹੀਂ ਡਰਦਾ, ਉਹ ਬਿਮਾਰੀ ਦੀ ਥਾਂ ਅਚਾਨਕ ਮਰਨ ਦਾ ਇੱਛੁਕ ਹੋ ਜਾਂਦਾ ਹੈ। ਉਹ ਮੌਤ ਤੋਂ ਨਹੀਂ ਡਰਦਾ, ਉਹ ਅਧਰੰਗ ਤੋਂ, ਟੁੱਟੇ ਚੂਲੇ ਤੋਂ ਡਰਦਾ ਹੈ।

ਜੇ ਕੋਈ ਕੀਮਤੀ, ਅਦਭੁੱਤ ਚੀਜ਼ ਅਚਾਨਕ ਲੱਭ ਜਾਵੇ ਤਾਂ ਉਸ ਪ੍ਰਤੀ ਸਾਡਾ ਵਿਹਾਰ ਬੱਚਿਆਂ ਵਾਲਾ ਹੋਵੇਗਾ, ਕਿਉਂਕਿ ਹੈਰਾਨ ਹੋਣਾ ਬੱਚਿਆਂ ਦਾ ਖੇਤਰ ਹੈ।

ਬਾਜ਼ਾਰ ਵਿਚ ਬੱਚੇ ਅਕਸਰ ਹੰਢਣਸਾਰ, ਲਾਭਕਾਰੀ ਚੀਜ਼ ਪਸੰਦ ਨਹੀਂ ਕਰਨਗੇ ਕਿਉਂਕਿ ਉਨ੍ਹਾਂ ਕੋਲ ਯਥਾਰਥ ਨਹੀਂ ਹੁੰਦਾ, ਕਲਪਨਾ ਹੀ ਹੁੰਦੀ ਹੈ, ਉਹ ਉਨ੍ਹਾਂ ਚੀਜ਼ਾਂ ਨੂੰ ਪਸੰਦ ਕਰਦੇ ਹਨ, ਜਿਹੜੀਆਂ ਝਟਪੱਟ ਪ੍ਰਸੰਨਤਾ ਦੇਣ।

ਜੇ ਕਿਸੇ ਲੇਖਕ ਨੂੰ ਪੜ੍ਹਿਆ ਅਤੇ ਪਸੰਦ ਕੀਤਾ ਜਾਵੇ ਤਾਂ ਉਸ ਲੇਖਕ ਦੀ ਜ਼ਿੰਮੇਵਾਰੀ ਵੱਧ ਜਾਂਦੀ ਹੈ।

ਗੁੱਸੇ ਨਾਲ ਹੋਣ ਵਾਲੇ ਨੁਕਸਾਨ ਦਾ ਬੀਮਾ ਨਹੀਂ ਹੁੰਦਾ।

ਸੰਤਾਨ ਦੀ ਲਗਾਤਾਰ ਮਦਦ ਕਰਨ ਵਾਲੇ ਮਾਪੇ ਸੰਤਾਨ ਦਾ ਨੁਕਸਾਨ ਕਰਦੇ ਹਨ। ਅਜਿਹੀ ਸੰਤਾਨ ਸੁਤੰਤਰ ਨਹੀਂ ਹੁੰਦੀ। ਅਜਿਹੀ ਮਦਦ ਇਕ ਵਾਰ ਨਹੀਂ ਵਾਰ-ਵਾਰ ਦੇਣੀ ਪਏਗੀ, ਜਿਸ ਕਾਰਨ ਮਾਪੇ ਨਿਰਾਸ਼ ਅਤੇ ਸੰਤਾਨ ਆਲਸੀ ਹੋ ਜਾਂਦੀ ਹੈ।

ਹੱਸਣ ਅਤੇ ਗੁੱਸੇ ਦੌਰਾਨ ਸੋਚਿਆ ਨਹੀਂ ਜਾ ਸਕਦਾ,

ਗੁੱਸਾ ਕਿਸ਼ਤਾਂ ਵਿਚ ਕਰਨਾ ਸੰਭਵ ਨਹੀਂ ਹੁੰਦਾ, ਇਹ ਸਾਰਾ ਇਕੋ ਵਾਰ ਕਰਨਾ ਪੈਂਦਾ ਹੈ, ਸਾਰਾ ਬਾਰੂਦ ਇਕੋ ਵਾਰ ਝੋਕਣਾ ਪੈਂਦਾ ਹੈ।

ਪਿਆਰ ਕਰਨ ਵਾਸਤੇ ਮਨੁੱਖ ਨੂੰ ਬਦਲਣਾ ਪੈਂਦਾ ਹੈ ਤਾਂ ਕਿ ਉਹ ਇਕ-ਦੂਜੇ ਦੇ ਮੇਚ ਆ ਜਾਣ ਪਰ ਅਸੀਂ ਕਹਿੰਦੇ ਹਾਂ ਕਿ ਪਿਆਰ ਨੇ ਸਾਨੂੰ ਬਦਲ ਦਿੱਤਾ ਹੈ।

ਡਰ ਕਾਰਨ ਹਥਿਆਰ ਦੀ ਕੁਵਰਤੋਂ ਵੱਧ ਜਾਂਦੀ ਹੈ।

ਜੇ ਦੋ ਵਿਅਕਤੀ ਕਿਸੇ ਇਕ ਇਸਤਰੀ ਨੂੰ ਪਿਆਰ ਕਰਨ ਤਾਂ ਜ਼ਰੂਰੀ ਨਹੀਂ ਕਿ ਉਹ ਦੋਵੇਂ ਕਿਸੇ ਇਕ ਇਸਤਰੀ ਨੂੰ ਨਫ਼ਰਤ ਵੀ ਕਰਨਗੇ।

ਵੱਖ-ਵੱਖ ਉਮਰਾਂ ਵਿਚ ਗੁੱਸੇ ਦੀ ਕਿਸਮ ਵੱਖਰੀ ਹੁੰਦੀ ਹੈ।

ਜੇ ਕਿਸੇ ਦਾ ਹੱਸਣਾ ਸਥਿਤੀ ਅਨੁਸਾਰ ਢੁੱਕਵਾਂ ਨਾ ਹੋਵੇ ਤਾਂ ਇਹ ਮਾਨਸਿਕ ਰੋਗ ਦਾ ਸੰਕੇਤ ਹੁੰਦਾ ਹੈ। ਹਾਸੇ ਦੀ ਆਵਾਜ਼ ਅਤੇ ਮਿਆਦ ਦੱਸ ਦਿੰਦੀ ਹੈ ਕਿ ਹਾਸਾ ਸਿਆਣਪ ਵਾਲਾ ਹੈ ਕਿ ਮੂਰਖਤਾ ਵਾਲਾ।

ਕਈ ਹਾਸੇ ਰਵਾਇਤੀ ਹੁੰਦੇ ਹਨ, ਜਿਵੇਂ ਸਹੁਰੇ ਦਾ ਜਵਾਈ ਦੇ ਲਤੀਫੇ 'ਤੇ ਹੱਸਣਾ। ਕਈ ਹਾਸੇ ਤੇਜ਼ਾਬੀ ਹੁੰਦੇ ਹਨ, ਜਿਵੇਂ ਜਵਾਈ ਦਾ, ਧੀ ਕੋਲ ਆਈ ਸੱਸ ਦੀ ਕਿਸੇ ਗੱਲ 'ਤੇ ਹੱਸਣਾ।

ਨੰਗੇਜ, ਵਿਖਾਇਆ ਪ੍ਰਵਾਨਗੀ ਲਈ ਜਾਂਦਾ ਹੈ ਪਰ ਉਪਜਦੀ ਅਪ੍ਰਵਾਨਗੀ ਹੈ।

ਸਾਦਗੀ, ਘੱਟ ਖ਼ਰਚੀਲੀ, ਇਕਹਿਰੀ, ਸਰਲ ਅਤੇ ਉਪਯੋਗੀ ਹੋਣ ਕਰਕੇ ਚੰਗੀ ਸਮਝੀ ਜਾਂਦੀ ਹੈ।

ਕਿਸੇ ਚੀਜ਼ ਦੀ ਸੁਤੇ-ਸਿੱਧ ਮਾਲਕੀ ਨਾਲੋਂ ਉਸ ਚੀਜ਼ ਨੂੰ ਪ੍ਰਾਪਤ ਕਰਨ, ਆਪ ਉਸਾਰਨ ਦਾ ਅਨੁਭਵ, ਵਧੇਰੇ ਦਿਲਚਸਪ ਹੁੰਦਾ ਹੈ।

ਹਰ ਕਿਸੇ ਦੀਆਂ ਕੁਝ ਨਿੱਜੀ ਅਤੇ ਗੁਪਤ ਯਾਦਾਂ ਹੁੰਦੀਆਂ ਹਨ।

ਪਕਵਾਨਾਂ ਵਾਲੀਆਂ ਕਿਤਾਬਾਂ ਪੜ੍ਹ ਕੇ, ਕੋਈ ਪਕਵਾਨ ਬਣਾਉਣਾ ਉਵੇਂ ਹੀ ਸੌਖਾ ਨਹੀਂ ਹੁੰਦਾ, ਜਿਵੇਂ ਪਿਆਰ ਸੰਬੰਧੀ ਲਿਖੀਆਂ ਪੁਸਤਕਾਂ ਪੜ੍ਹ ਕੇ, ਕਿਸੇ ਨੂੰ ਪਿਆਰ ਕਰਨਾ ਸੰਭਵ ਨਹੀਂ ਹੁੰਦਾ।

ਵਿਆਹ, ਵਿਆਹ ਹੁੰਦਾ ਹੈ; ਚੰਗਾ, ਮਾੜਾ ਠੱਪਾ ਅਸੀਂ ਆਪ ਲਾ ਲੈਂਦੇ ਹਾਂ।

ਅਜੇ ਤੱਕ ਕਿਧਰੇ ਸੋਚਣ 'ਤੇ ਪਾਬੰਦੀ ਨਹੀਂ ਲੱਗੀ, ਬਹੁਤੀਆਂ ਥਾਵਾਂ 'ਤੇ ਪ੍ਰਗਟਾਵੇ 'ਤੇ ਹੀ ਲੱਗਦੀ ਹੈ।

ਜੇ ਮਨੁੱਖ ਦੀ ਯਾਦ-ਸ਼ਕਤੀ ਨਾ ਹੁੰਦੀ ਤਾਂ ਮਨੁੱਖ ਨੇ ਬਹਿ ਕੇ ਉੱਠਣਾ ਭੁੱਲ ਜਾਣਾ ਸੀ, ਬਾਂਹ ਉੱਚੀ ਕਰਕੇ ਥਲੇ ਕਰਨੀ, ਸੰਭਵ ਨਹੀਂ ਸੀ ਹੋਣੀ।

ਘੁੰਢ ਵਾਲੀ ਇਸਤਰੀ ਵਧੇਰੇ ਸੋਹਣੀ ਲੱਗਦੀ ਹੈ, ਜ਼ਰੂਰੀ ਨਹੀਂ ਕਿ ਹੋਵੇ ਵੀ, ਕਿਉਂਕਿ ਘੁੰਢ ਕਾਰਨ, ਅਸੀਂ ਉਸ ਬਾਰੇ ਕਲਪਨਾ ਵਧੇਰੇ ਕਰਦੇ ਹਾਂ।

ਕਿਸੇ ਕਵਿਤਾ ਦਾ ਕੇਂਦਰੀ ਭਾਵ, ਅਕਸਰ ਉਸ ਦੀਆਂ ਅਕਾਵਿਕ ਸਤਰਾਂ ਵਿਚ ਹੁੰਦਾ ਹੈ।

ਅਸੰਭਵ ਹਮੇਸ਼ਾ ਨਵਾਂ ਰਹਿੰਦਾ ਹੈ।

ਜਿਨ੍ਹਾਂ ਵਰਤਾਰਿਆਂ ਦਾ ਵਾਪਰਨਾ ਚੰਗਾ ਨਹੀਂ ਲੱਗਦਾ, ਉਨ੍ਹਾਂ ਨੂੰ ਦੁਰਘਟਨਾਵਾਂ ਕਿਹਾ ਜਾਂਦਾ ਹੈ, ਜਿਨ੍ਹਾਂ ਦਾ ਵਾਪਰਨਾ ਚੰਗਾ ਲੱਗਦਾ ਹੈ, ਉਨ੍ਹਾਂ ਨੂੰ ਅਸੀਂ ਸ਼ੁਭ-ਸ਼ਗਨ ਕਹਿੰਦੇ ਹਾਂ।

ਮੰਗਤੇ ਵੀ ਆਪਣੇ ਕੰਮ ਨੂੰ ਵਪਾਰ ਸਮਝਦੇ ਹਨ। ਹਰ ਮੰਗਤੇ ਦੀ ਜੁਗਤ ਵੱਖਰੀ ਹੁੰਦੀ ਹੈ।

ਫ਼ਿਲਾਸਫ਼ਰਾਂ ਵਾਂਗ ਵਿਗਿਆਨੀ ਵੀ ਅਕਸਰ ਪੁਰਸ਼ ਹੀ ਹੁੰਦੇ ਹਨ। ਫ਼ਿਲਾਸਫ਼ੀ ਅਤੇ ਵਿਗਿਆਨ ਦੀਆਂ ਪੁਸਤਕਾਂ ਵਿਚ ਰੌਣਕ ਨਹੀਂ ਹੁੰਦੀ। ਜੇ ਯਤਨ ਕੀਤਾ ਜਾਂਦਾ ਤਾਂ ਇਨ੍ਹਾਂ ਨੂੰ ਦਿਲਚਸਪ ਬਣਾਇਆ ਜਾ ਸਕਦਾ ਸੀ ਪਰ ਇਹ ਤਾਂ ਹੀ ਸੰਭਵ ਹੋਣਾ ਸੀ ਜੇ ਵਿਗਿਆਨੀ ਅਤੇ ਫ਼ਿਲਾਸਫ਼ਰ ਪ੍ਰੇਮੀ, ਕਵੀ, ਸੰਗੀਤਕਾਰ, ਚਿੱਤਰਕਾਰ ਆਦਿ ਵੀ ਹੁੰਦੇ।

ਹਰੇਕ ਮੁਹੱਬਤ ਵਿਚ ਕੁਝ ਨਵਾਂ ਹੁੰਦਾ ਹੈ।

ਸਾਡਾ ਪੂਜਿਆ ਜਾਣ ਵਾਲਾ ਮਹਾਂਪੁਰਸ਼ ਮੱਖਣ-ਚੋਰ ਸੀ।

ਦੋਸਤੀਆਂ, ਦੁਸ਼ਮਣੀਆਂ ਜਿਊਂਦਿਆਂ ਦੀ ਲੋੜ ਅਤੇ ਮਜਬੂਰੀ ਹੁੰਦੀਆਂ ਹਨ।

'ਜੇ ਗੁੱਸੇ ਨਾਲ ਤੁਸੀਂ ਕਿਸੇ ਨੂੰ ਨਾਰਾਜ਼ ਕੀਤਾ ਹੈ ਤਾਂ ਉਸ ਨੂੰ ਮਨਾਉਣ ਦੀ ਜ਼ਿੰਮੇਵਾਰੀ ਵੀ ਤੁਹਾਡੀ ਹੈ। ਝਗੜੋ ਪਰ ਲੜੋ ਨਾ। ਝਗੜਾ ਜਲਦੀ ਭੁੱਲ ਜਾਂਦਾ ਹੈ, ਲੜਾਈ ਨੂੰ ਭੁੱਲਣ ਵਿਚ ਦੇਰ ਲੱਗਦੀ ਹੈ।

ਕਮਜ਼ੋਰ ਬੱਚੇ ਵਿਚ ਪਹਿਲਵਾਨ ਬਣਨ ਦੀ, ਮੱਧਰੇ ਲੜਕੇ ਵਿਚ ਉੱਚੇ-ਵੱਡੇ ਕੰਮ ਕਰਨ ਦੀ, ਲੰਗੜੇ ਵਿਚ ਦੌੜਾਂ ਜਿੱਤਣ ਦੀ, ਮੰਗਤੇ ਵਿਚ ਅਮੀਰ ਹੋਣ ਦੀ, ਕਾਲੀ ਲੜਕੀ ਵਿਚ ਗੋਰੀ ਹੋਣ ਦੀ ਸੁਭਾਵਕ ਇੱਛਾ ਹੁੰਦੀ ਹੈ।

ਮੱਖੀ-ਮਾਰ ਨਾਲ ਮੱਛਰ ਨਹੀਂ ਮਰਦਾ। ਤੰਗ ਕਰਨ ਵਾਲੀ ਇਕੱਲੀ ਮੱਖੀ ਨਾਲ ਗੁੱਸੇ ਹੋ ਕੇ ਉਸ ਤੋਂ ਖਹਿੜਾ ਨਹੀਂ ਛੁਡਾਇਆ ਜਾ ਸਕਦਾ। ਧੀਰਜ ਪਰਖਣ ਲਈ ਇਕ ਮੱਖੀ ਹੀ ਕਾਫ਼ੀ ਹੁੰਦੀ ਹੈ।

ਰਾਖਵੇਂਪਣ ਦੀ ਨੀਤੀ, ਵਾਸਤਵ ਵਿਚ ਪਿੱਛਲਪੈਰੀ ਦੌੜ ਹੁੰਦੀ ਹੈ।

ਹੁਣ ਪਤੀ-ਪਤਨੀ ਨੂੰ ਆਪਸ ਵਿਚ ਲੜਨ ਦੇ ਵੱਖ-ਵੱਖ ਢੰਗ ਦੱਸਣ ਵਾਲੀਆਂ ਕਿਤਾਬਾਂ ਮਿਲਦੀਆਂ ਹਨ, ਜਿਨ੍ਹਾਂ ਨਾਲ ਪਤੀ-ਪਤਨੀ ਆਪਸੀ ਲੜਾਈ ਨੂੰ ਮਨੋਰੰਜਨ ਬਣਾ ਸਕਦੇ ਹਨ।

ਕਦੀ ਵੀ ਤਲਾਕ ਦੇਣ ਦੀ ਧਮਕੀ ਨਹੀਂ ਦੇਣੀ ਚਾਹੀਦੀ, ਇਸ ਨਾਲ ਰਿਸ਼ਤਾ ਵਿਗੜਦਾ ਹੈ ਅਤੇ ਵਿਸ਼ਵਾਸ ਅਤੇ ਭਰੋਸਾ ਫਿੱਕਾ ਪੈ ਜਾਂਦਾ ਹੈ।

ਸ਼ਬਦਾਂ ਦੀ ਭਰਮਾਰ ਤੋਂ ਸਿੱਧ ਹੁੰਦਾ ਹੈ ਕਿ ਵਿਚਾਰ ਸਪੱਸ਼ਟ ਨਹੀਂ ਹਨ।

'ਮੈਂ' ਉਦੋਂ ਹੀ ਵਰਤੋ ਜਦੋਂ ਆਪਣੀ ਗਲਤੀ ਮੰਨਣੀ ਹੋਵੇ ਅਤੇ ਕੋਈ ਵੱਡੀ ਜ਼ਿੰਮੇਵਾਰੀ ਚੁੱਕਣੀ ਹੋਵੇ।

ਦਿਮਾਗ਼, ਸਰੀਰ ਨੂੰ ਲੱਗੀ ਜੇਬ ਹੈ, ਜਿਸ ਵਿਚ ਅਸੀਂ ਸਾਰਾ ਜੀਵਨ ਤਰਕ ਪਾਉਂਦੇ-ਕੱਢਦੇ ਰਹਿੰਦੇ ਹਾਂ।

ਜੇ ਕਿਸੇ ਘਟਨਾ, ਵਿਅਕਤੀ, ਸਿਧਾਂਤ ਜਾਂ ਵਿਸ਼ਵਾਸ ਦੀ ਬਹੁਤ ਅਧਿਕ ਚੀਰ-ਫਾੜ ਕੀਤੀ ਜਾਵੇ ਤਾਂ ਉਸ ਵਿਚ ਦਿਲਚਸਪੀ ਵਧਦੀ ਨਹੀਂ, ਘੱਟਦੀ ਹੈ।

ਆਵਾਜ਼ ਦੀ ਵੀ ਖੁਸ਼ਬੂ ਹੁੰਦੀ ਹੈ, ਇਸੇ ਕਰਕੇ ਸੰਗੀਤ ਨਸ਼ਿਆਉਂਦਾ ਹੈ।

ਇਕੱਲਿਆਂ ਅਸੀਂ ਕਹਿ ਹੀ ਸਕਦੇ ਹਾਂ, ਰਲ ਕੇ ਅਸੀਂ ਗੱਲਬਾਤ ਵੀ ਕਰ ਸਕਦੇ ਹਾਂ। ਇਕੱਲਿਆਂ ਅਸੀਂ ਮਾਣ ਹੀ ਸਕਦੇ ਹਾਂ, ਰਲ ਕੇ ਅਸੀਂ ਜਸ਼ਨ ਮਨਾ ਸਕਦੇ ਹਾਂ। ਇਕੱਲਿਆਂ ਅਸੀਂ ਮੁਸਕਰਾ ਹੀ ਸਕਦੇ ਹਾਂ, ਰਲ ਕੇ ਅਸੀਂ ਹੱਸ ਵੀ ਸਕਦੇ ਹਾਂ।

ਕਿਸੇ ਚੀਜ਼ ਦੀ ਉਡੀਕ ਵੀ ਉਸ ਦੀ ਲਾਗਤ ਵਿਚ ਸ਼ਾਮਲ ਹੁੰਦੀ ਹੈ। ਜੇ ਤੁਸੀਂ ਦੱਸ ਲੱਖ ਰੁਪਏ ਦੀ ਕਾਰ ਲਈ ਹੈ ਅਤੇ ਤੁਹਾਨੂੰ ਤਿੰਨ ਸਾਲ ਬੱਚਤ ਕਰਨੀ ਪਈ ਹੈ ਤਾਂ ਕਾਰ ਦੀ ਕੀਮਤ ਕੇਵਲ ਦੱਸ ਲੱਖ ਰੁਪਏ ਨਹੀਂ, ਤਿੰਨ ਸਾਲ ਦੀ ਉਡੀਕ ਅਤੇ ਦੱਸ ਲੱਖ ਰੁਪਏ ਹੋਵੇਗੀ।

ਕਦੇ ਸ਼ਰਤ ਨਾ ਲਾਓ, ਕਿਸੇ ਮੂਰਖ ਨਾਲ ਸ਼ਰਤ ਕਦੇ ਵੀ ਨਾ ਲਾਓ, ਉਹ ਹਾਰ ਕੇ ਵੀ ਜਿੱਤਣ ਦਾ ਹੀ ਦਾਅਵਾ ਕਰੇਗਾ ਅਤੇ ਤੁਹਾਡੇ ਜਿੱਤਣ 'ਤੇ ਤੁਹਾਨੂੰ ਬੇਈਮਾਨ ਹੀ ਸਾਬਤ ਕਰੇਗਾ।

ਅਜਿਹੀਆਂ ਗੱਲਾਂ ਦੇ ਕੋਈ ਅਰਥ ਨਹੀਂ ਹੁੰਦੇ ਕਿ ਜੇ ਇਹ ਸਾਵਧਾਨੀਆਂ ਵਰਤੀਆਂ ਹੁੰਦੀਆਂ ਤਾਂ, ਜ਼ਿੰਦਗੀ ਵਧੇਰੇ ਦਿਲਚਸਪ ਹੋਣੀ ਸੀ। ਬਾਕੀ ਦੀ ਜ਼ਿੰਦਗੀ ਲਈ ਸਾਵਧਾਨੀਆਂ ਵਰਤ ਕੇ ਵੇਖ ਲਓ।

ਸੱਚ ਪਹਿਲੀ ਵਾਰ ਬੋਲਣਾ ਔਖਾ ਹੁੰਦਾ ਹੈ, ਫਿਰ ਸੱਚ ਬੋਲਣਾ ਸੌਖਾ, ਹੋਰ ਸੌਖਾ ਹੋ ਜਾਂਦਾ ਹੈ। ਝੂਠ ਪਹਿਲੀ ਵਾਰ ਬੋਲਣਾ ਸੌਖਾ ਹੁੰਦਾ ਹੈ ਫਿਰ ਮਗਰੋਂ ਇਹ ਔਖਾ, ਹੋਰ ਔਖਾ ਹੋਈ ਜਾਂਦਾ ਹੈ।

* ਇਕ ਪੜਾਓ ਤੇ ਆ ਕੇ ਧਰਮ ਅਤੇ ਅੰਧ-ਵਿਸ਼ਵਾਸ ਉਵੇਂ ਹੀ ਲੋਪ ਹੋ ਜਾਣਗੇ ਜਿਵੇਂ ਬਲਬਾਂ-ਟਿਊਬਾਂ ਦੇ ਪ੍ਰਚਲਿਤ ਹੋਣ ਨਾਲ ਦੀਵੇ-ਮੋਮਬੱਤੀਆਂ ਅਤੇ ਲੈਂਪ ਲੋਪ ਹੋ ਰਹੇ ਹਨ।

ਤਰਕ ਨਾਲ ਕੇਵਲ ਤਰਕਸ਼ੀਲ ਵਿਅਕਤੀ ਪ੍ਰਭਾਵਿਤ ਹੁੰਦੇ ਹਨ, ਉਹੀ ਤਰਕ ਤੋਂ ਡਰਦੇ ਹਨ। ਧਾਰਮਿਕ ਲੋਕ ਤਰਕ ਦੀ ਪ੍ਰਵਾਹ ਨਹੀਂ ਕਰਦੇ। ਧਰਮ, ਤਰਕ ਪ੍ਰਤੀ ਲਾਪ੍ਰਵਾਹ ਲੋਕਾਂ ਦੇ ਵਿਸ਼ਵਾਸ ਕਾਰਨ ਚੱਲਦੇ ਹਨ।

ਵਿਚਾਰਾਂ ਅਤੇ ਭਾਵਨਾਵਾਂ ਦੇ ਖੇਤਰ ਵੱਖਰੇ-ਵੱਖਰੇ ਹਨ ਪਰ ਇਹ ਅਕਸਰ ਟਕਰਾਉਂਦੇ ਰਹਿੰਦੇ ਹਨ।

ਲਿਖਣ ਦੇ ਨੇਮ ਹੁੰਦੇ ਹਨ ਪਰ ਨੇਮਾਂ ਅਨੁਸਾਰ ਲਿਖਿਆ ਦਿਲਚਸਪ ਨਹੀਂ ਹੁੰਦਾ। ਜਦੋਂ ਤੱਕ ਕਵੀ ਜਾਂ ਲੇਖਕ ਲਿਖਣ ਦੇ ਪੱਖੋਂ ਖੁੱਲ੍ਹਾਂ ਨਾ ਲਵੇ, ਉਸ ਦੀ ਲਿਖਤ ਵਿਚ ਜਾਨ ਨਹੀਂ ਪੈਂਦੀ।

ਕਲਾ ਵਿਚ ਸਿਧਾਂਤਾਂ ਦਾ ਕੋਈ ਅਰਥ ਨਹੀਂ ਹੁੰਦਾ, ਨੇਮਾਂ ਦਾ ਹੁੰਦਾ ਹੈ। ਸਕੂਲ ਵਿਚ ਕਾਨੂੰਨ ਲਾਗੂ ਨਹੀਂ ਹੁੰਦਾ, ਅਨੁਸ਼ਾਸਨ ਹੁੰਦਾ ਹੈ।

ਜੇ ਕਵਿਤਾ ਬਹੁਤ ਲੰਮੀ ਹੋਵੇ ਤਾਂ ਉਸ ਦੇ ਕੁੱਝ ਅੰਗ ਹੀ ਪ੍ਰਸਿੱਧ ਹੋ ਸਕਦੇ ਹਨ। ਕਿਸੇ ਬਹੁਤ ਚੰਗੀ ਫਿਲਮ ਵਿਚ ਵੀ ਯਾਦਗਾਰੀ ਦ੍ਰਿਸ਼ ਦੋ-ਤਿੰਨ ਹੀ ਹੁੰਦੇ ਹਨ।

ਕਈਆਂ ਦੀ ਗੱਲ ਸੁਣ ਕੇ ਉਨ੍ਹਾਂ ਦੀ ਮੂਰਖਤਾ 'ਤੇ, ਸਾਡੇ ਕੰਨ ਹੱਸਣ ਅਤੇ ਸਾਡੀਆਂ ਅੱਖਾਂ ਰੋਣ ਲੱਗ ਪੈਂਦੀਆਂ ਹਨ।

ਕਿਸੇ ਥਾਂ ਬਹੁਤੇ ਲੋਕ ਇਹ ਕਹਿ ਕੇ ਲਾਪ੍ਰਵਾਹ ਹੋ ਜਾਂਦੇ ਹਨ ਕਿ ਮੈਂ ਕਿਹੜਾ ਇਥੇ ਕਦੇ ਮੁੜ ਕੇ ਆਉਣੈ।

ਚੰਗੀ ਕਵਿਤਾ ਉਹ ਹੁੰਦੀ ਹੈ, ਜਿਸ ਵਿਚ ਨਾ ਕੋਈ ਹੋਰ ਸ਼ਬਦ ਪਾਇਆ ਜਾ ਸਕੇ, ਨਾ ਕੱਢਿਆ ਜਾ ਸਕੇ, ਨਾ ਬਦਲਿਆ ਜਾ ਸਕੇ।

ਕਿਸੇ ਸਦਾ ਲਈ ਵਿਛੜੇ ਜਾਂ ਦੂਰ ਗਏ ਪਿਆਰੇ ਨੂੰ ਯਾਦ ਕਰਕੇ ਇਕੱਲਿਆਂ ਰੋਣਾ ਸੁੱਖ ਦਿੰਦਾ ਹੈ, ਮਨ ਤੋਂ ਬੋਝ ਉਤਰਦਾ ਹੈ।

ਕਿਸੇ ਰੋਂਦੇ ਨੂੰ ਵੇਖ ਕੇ ਰੋਣਾ ਸੌਖਾ ਹੋ ਜਾਂਦਾ ਹੈ ਪਰ ਕਿਸੇ ਹੱਸਦੇ ਨੂੰ ਵੇਖ ਕੇ ਹੱਸਣਾ ਸੌਖਾ ਨਹੀਂ ਹੋ ਜਾਂਦਾ।

ਜੇ ਡਾਂਗ ਚੱਲਦੀ ਹੋਵੇ ਤਾਂ ਤੰਗ ਥਾਂ ਵੱਲ ਦੌੜੋ, ਤੰਗ ਥਾਂ ਵਿਚ ਡਾਂਗ ਦਾ ਘੁੰਮਣਾ ਔਖਾ ਹੁੰਦਾ ਹੈ।

ਨਾਂ ਬਦਲ ਗਏ ਹਨ; ਮੁਹੱਲਾ, ਸੈਕਟਰ ਬਣ ਗਿਆ ਹੈ; ਪਿੰਡ ਕਾਲੋਨੀ ਅਤੇ ਮਿਲਣੀ, ਮੀਟਿੰਗ ਬਣ ਗਈ ਹੈ।

ਧਰਤੀ ਦੀ ਸਵੱਛਤਾ ਅਤੇ ਪਵਿੱਤਰਤਾ ਸੂਰਜ ਦੀ ਧੁੱਪ ਕਾਰਨ ਹੈ।

ਪਿੰਡਾਂ ਵਿਚ ਸਭ ਤੋਂ ਸੁਰੱਖਿਅਤ ਘਰ ਸੁਨਿਆਰਾਂ ਦੇ ਹੁੰਦੇ ਸਨ, ਮੋੜਾਂ-ਘੋੜਾਂ ਵਾਲੀ ਭੀੜੀ ਗਲੀ ਵਿਚ।

ਪੁਰਾਣੇ ਜ਼ਮਾਨੇ ਵਿਚ ਪਿੰਡਾਂ ਵਿਚ ਨੀਵੀਆਂ ਜਾਤਾਂ ਦੇ ਘਰ ਦੱਖਣ ਵੱਲ ਹੋਣ ਦਾ ਰਿਵਾਜ ਰਿਹਾ ਹੈ। ਦੱਖਣ ਵੱਲ ਹਵਾ ਘੱਟ ਚੱਲਦੀ ਹੈ ਤਾਂ ਕਿ ਹਵਾ ਇਨ੍ਹਾਂ ਦੇ ਪਿੰਡਿਆਂ ਨੂੰ ਛੂਹ ਕੇ ਸਵਰਨ ਜਾਤੀਆਂ ਵੱਲ ਨਾ ਆਵੇ। ਨਾਲੀਆਂ ਦੀ ਢਲਾਨ ਵੀ ਦੱਖਣ ਵੱਲ ਰੱਖੀ ਜਾਂਦੀ ਰਹੀ ਹੈ।

ਕੁਝ ਗੱਲਾਂ ਸਿਧਾਂਤਕ ਪੱਧਰ 'ਤੇ ਹੀ ਚੰਗੀਆਂ ਲੱਗਦੀਆਂ ਹਨ, ਯਥਾਰਥਕ ਪੱਧਰ 'ਤੇ ਇਹ ਗੱਲਾਂ ਸੰਭਵ ਹੀ ਨਹੀਂ ਹੁੰਦੀਆਂ, ਜਿਵੇਂ ਬਰਾਬਰੀ, ਸਮਾਜਿਕ-ਨਿਆਂ ਅਤੇ ਇਸਤਰੀ ਦੀ ਸੁਤੰਤਰਤਾ।

ਦਾਦੀ ਦੇ ਝੁਰੜੀਆਂ ਵਾਲੇ ਚਿਹਰੇ 'ਤੇ ਮੁਸਕਰਾਹਟ ਵਧੇਰੇ ਚਮਕਦੀ ਹੈ।

ਪੁਰਾਣੇ ਜ਼ਮਾਨੇ ਵਿਚ ਵਲਦਾਰ ਗਲੀਆਂ ਲੂ ਤੋਂ ਬਚਾਉਂਦੀਆਂ ਸਨ, ਇਹ ਸੁਰੱਖਿਆ ਵੀ ਪ੍ਰਦਾਨ ਕਰਦੀਆਂ ਸਨ ਤੇ ਰਾਖੀ ਦੇ ਪੱਖੋਂ ਇਹ ਸ਼ਹਿਰ ਦਾ ਖੇਤਰਫਲ ਵੀ ਘਟਾਉਂਦੀਆਂ ਸਨ।

ਪਿੰਡ ਵਿਚ ਤਿੰਨ ਰੁੱਖ ਜ਼ਰੂਰੀ ਹੋਇਆ ਕਰਦੇ ਸਨ, ਨਿੰਮ, ਬਰੋਟਾ ਅਤੇ ਪਿੱਪਲ।

• ਕੁੜੀਆਂ ਨੂੰ ਮੁਟਿਆਰ ਹੋਣ ਦੀ ਸੋਝੀ ਮੁੰਡੇ ਦਿੰਦੇ ਹਨ। ਜਿਸ ਨੂੰ ਮੁਟਿਆਰ ਪਸੰਦ ਕਰੇ, ਉਹ ਮੁੰਡਾ ਆਪਣੇ ਆਪ ਨੂੰ ਚੰਗਾ ਸਮਝਣ ਲੱਗ ਪੈਂਦਾ ਹੈ, ਸੋ ਮੁੰਡਿਆਂ ਨੂੰ ਚੰਗੇ ਹੋਣ-ਬਣਨ ਦੀ ਸੋਝੀ, ਕੁੜੀਆਂ ਦਿੰਦੀਆਂ ਹਨ।

• ਕਿਸੇ ਸੈਮੀਨਾਰ ਜਾਂ ਕਾਨਫ਼ਰੰਸ ਵਿਚ ਕਈ ਪ੍ਰਸ਼ਨ ਪੁੱਛਣ ਵਾਲਿਆਂ ਦਾ ਉਦੇਸ਼, ਉੱਤਰ ਜਾਣਨਾ ਨਹੀਂ ਹੁੰਦਾ, ਆਪਣੇ ਉੱਥੇ ਹੋਣ ਦਾ ਡੰਕਾ ਵਜਾਉਣਾ ਹੁੰਦਾ ਹੈ। ਉਦੇਸ਼ ਬੁਲਾਰੇ ਨੂੰ ਪ੍ਰੇਸ਼ਾਨ ਕਰਕੇ ਆਪਣਾ ਮਹੱਤਵ ਵਧਾਉਣਾ ਹੁੰਦਾ ਹੈ, ਮਨੋਰਥ ਖਲੋਤੇ ਨੂੰ ਡੇਗਣਾ ਹੁੰਦਾ ਹੈ।

ਜੇ ਦਿਲ ਤਕੜਾ ਹੋਵੇ ਤਾਂ ਝਨਾਂ ਵੀ ਤੈਰਨੀ ਔਖੀ ਨਹੀਂ ਲੱਗਦੀ।

ਸੰਕਟ ਵੇਲੇ ਵੱਡੇ ਆਗੂਆਂ ਦੀ ਚੁੱਪ, ਪ੍ਰਵਾਨ-ਪਸੰਦ ਨਹੀਂ ਕੀਤੀ ਜਾਂਦੀ।

ਰਾਜਸੀ ਆਗੂਆਂ ਦਾ ਇਕ-ਨੁਕਾਤੀ ਪ੍ਰੋਗਰਾਮ ਹੁੰਦਾ ਹੈ, ਚੋਣਾਂ ਜਿੱਤਣਾ।

ਜਿਹੜੇ ਆਪਣੀਆਂ ਸਮੱਸਿਆਵਾਂ ਅਤੇ ਮੁਸ਼ਕਿਲਾਂ ਅਤੇ ਮੁਸੀਬਤਾਂ ਦਾ ਕਿਸੇ ਨੂੰ ਦੋਸ਼ ਨਹੀਂ ਦਿੰਦੇ, ਉਹ ਪੂਜਣਯੋਗ ਹੁੰਦੇ ਹਨ।

ਰਹਿਣ ਨੂੰ ਤਾਂ ਮਨੁੱਖ ਸੰਸਾਰ ਵਿਚ ਕਿਧਰੇ ਵੀ ਰਹਿ ਸਕਦਾ ਹੈ ਪਰ ਪ੍ਰਸੰਨ ਹੋ ਕੇ ਉਹ ਆਪਣੀ ਮਾਤਰਭੂਮੀ ਵਿਚ ਹੀ ਰਹਿੰਦਾ ਹੈ।

• ਕਈ ਗੱਲਾਂ ਤੋਂ ਮੁੱਕਰਨ ਵਾਸਤੇ ਜਿਤਨਾ ਹੌਸਲਾ ਚਾਹੀਦਾ ਹੁੰਦਾ ਹੈ, ਉਹ ਸਾਡੇ ਵਿਚ ਹੁੰਦਾ ਨਹੀਂ, ਜਿਸ ਕਾਰਨ ਸਾਡਾ ਝੂਠ ਫੜਿਆ ਜਾਂਦਾ ਹੈ ਅਤੇ ਸਾਨੂੰ ਹੋਰਾਂ ਸਾਹਮਣੇ ਸ਼ਰਮਸਾਰ ਹੋਣਾ ਪੈਂਦਾ ਹੈ।

• ਕਿਵੇਂ ਪਤਾ ਲੱਗੇ ਕਿ ਇਸਤਰੀ ਨਾਲ ਜਾ ਰਿਹਾ ਪੁਰਸ਼ ਉਸ ਦਾ ਪਤੀ ਹੈ ਕਿ ਕੋਈ ਹੋਰ ਹੈ? ਜੇ ਇਸਤਰੀ ਬੋਲ ਰਹੀ ਹੋਵੇ ਤਾਂ ਪਤੀ ਹੈ, ਜੇ ਇਸਤਰੀ ਸੁਣ ਰਹੀ ਹੋਵੇ ਤਾਂ ਕੋਈ ਹੋਰ ਹੈ।

• ਪੁਰਾਣੇ ਪਿੰਡਾਂ ਵਿਚ ਗਲੀਆਂ ਦੀ ਚੌੜਾਈ ਸਮਾਜਿਕ ਰੁਤਬੇ ਅਨੁਸਾਰ ਹੁੰਦੀ ਸੀ। ਜੱਟਾਂ ਦੇ ਘਰ ਮੁੱਕਦਿਆਂ ਹੀ ਗਲੀ ਤੰਗ ਹੋ ਜਾਂਦੀ ਸੀ। ਗਲੀ ਇਤਨੀ ਰੱਖੀ ਜਾਂਦੀ ਸੀ ਕਿ ਕੋਈ ਤੂੜੀ ਦੀ ਪੰਡ ਚੁੱਕ ਕੇ ਲੰਘ ਜਾਵੇ ਅਤੇ ਵੱਡੀ ਗਲੀ ਵਿਚੋਂ ਗੱਡਾ ਲੰਘ ਜਾਵੇ।

ਪੰਜਾਬ ਦੇ ਬਹੁਤੇ ਪਿੰਡ ਭਾਈਚਾਰੇ ਵਲੋਂ ਤਾਹਨੇ-ਮਿਹਣੇ ਮਾਰ ਕੇ ਜਾਂ ਡਾਂਗ ਦੇ ਜ਼ੋਰ ਨਾਲ ਖਦੇੜੇ ਗਏ ਲੋਕਾਂ ਵਲੋਂ, ਬੰਨ੍ਹੇ ਜਾਂ ਵਸਾਏ ਗਏ ਸਨ।

ਜਦੋਂ ਝਾੜ ਪਾਈ ਜਾਂਦੀ ਹੈ, ਪੈਂਦੀ ਹੈ, ਇਹ ਜਵਾਬ ਦੇਣ ਵਾਸਤੇ ਨਹੀਂ ਹੁੰਦੀ, ਚੁੱਪ ਕਰਕੇ ਸੁਣਨ, ਸਹਿਣ ਅਤੇ ਸਮਝਣ ਵਾਸਤੇ ਹੁੰਦੀ ਹੈ।

ਕਿਸੇ ਸਰਕਾਰੀ ਸੰਗਠਨ ਜਾਂ ਅਦਾਰੇ ਨੂੰ ਵਿਕਸਿਤ ਕਰਨ ਲਈ ਅਮਲੇ ਦੀ ਭਰਤੀ ਕਰਨ ਦੇ ਫੈਸਲੇ ਹਾਂ-ਪੱਖੀ ਹੁੰਦੇ ਹਨ ਪਰ ਅਮਲੇ ਦੀ ਚੋਣ ਨਾਂਹ-ਪੱਖੀ ਹੁੰਦੀ ਹੈ। ਬਹੁਤੇ ਅਯੋਗ ਅਤੇ ਸਿਫਾਰਸ਼ੀ ਰੱਖ ਲਏ ਜਾਂਦੇ ਹਨ ਅਤੇ ਅਦਾਰਾ ਵਿਕਾਸ ਕਰਨ ਦੀ ਥਾਂ ਨਿਘਰਨ ਲੱਗ ਪੈਂਦਾ ਹੈ।

ਸੋਹਣੀ ਇਸਤਰੀ, ਹਜ਼ਾਰਾਂ ਅੱਖਾਂ ਵਾਲੀ ਸੁਰੰਗ ਵਿਚੋਂ ਲੰਘਦੀ ਹੈ।

ਇਸਲਾਮ ਅਤੇ ਮੁਸਲਮਾਨ ਕਿਥੇ ਮਿਲਦੇ ਹਨ? ਇਸਲਾਮ, ਕੁਰਾਨ ਵਿਚ ਅਤੇ ਮੁਸਲਮਾਨ ਕਬਰਸਤਾਨ ਵਿਚ।

ਸਮੇਂ ਦੇ ਬੀਤਣ ਨਾਲ ਸਥਾਪਤ ਧਰਮ ਕੱਟੜ ਅਤੇ ਸੰਕੀਰਣ ਹੋਈ ਜਾਂਦੇ ਹਨ ਅਤੇ ਖੁੱਲ੍ਹਾਂ ਲੈਣ-ਦੇਣ ਵਾਲੇ ਨਵੇਂ ਮਤ ਅਤੇ ਡੇਰੇ ਉਭਰਨ ਲੱਗ ਪੈਂਦੇ ਹਨ।

ਜਿਨ੍ਹਾਂ ਨੇ ਔਖੀ ਜੱਦੋ-ਜਹਿਦ ਕੀਤੀ ਹੁੰਦੀ ਹੈ, ਸਫਲ ਹੋਣ ਮਗਰੋਂ ਪਿੱਛਲ-ਝਾਤ ਵਿਚ, ਉਨ੍ਹਾਂ ਨੂੰ ਜੱਦੋ-ਜਹਿਦ ਵਾਲਾ ਸਮਾਂ, ਆਪਣੀ ਜ਼ਿੰਦਗੀ ਦਾ ਸੁੰਦਰ-ਕਾਂਡ ਪ੍ਰਤੀਤ ਹੁੰਦਾ ਹੈ।

ਮਸ਼ੀਨ ਦਾ ਡਸਿਪਲਿਨ ਮੰਨ ਕੇ ਹੀ ਉਸ ਤੋਂ ਕੰਮ ਲਿਆ ਜਾ ਸਕਦਾ ਹੈ।

ਜੋ ਕੁਝ ਅਸੀਂ ਕਹਿੰਦੇ-ਕਰਦੇ ਹਾਂ, ਉਹ ਸਾਰਾ, ਸਾਡਾ ਆਪਣਾ ਨਹੀਂ ਹੁੰਦਾ, ਸਾਡੇ ਅੰਦਰ ਵੜੇ ਹੋਏ ਅਨੇਕਾਂ ਬੰਦੇ, ਸਾਡੇ ਤੋਂ ਬੁਲਵਾਉਂਦੇ-ਕਰਵਾਉਂਦੇ ਹਨ।

ਰਸਤਾ ਕੋਈ ਚੁਣ ਲਵੋ, ਟੁਰਨ ਵਿਚ ਸਮੱਸਿਆਵਾਂ ਆਉਣਗੀਆਂ। ਸਮੱਸਿਆਵਾਂ ਰਸਤੇ ਵਿਚ ਨਹੀਂ, ਸਾਡੇ ਵਿਚ ਹੁੰਦੀਆਂ ਹਨ।

ਪਛਤਾਵੇ, ਅਪ੍ਰਵਾਨਗੀ ਵਿਚੋਂ ਉਪਜਦੇ ਹਨ।

ਸੁਪਨਿਆਂ ਵਿਚ ਕੀਤੀਆਂ ਗ਼ਲਤੀਆਂ ਦੀ ਜਾਗਣ ਤੇ ਸਜ਼ਾ ਨਹੀਂ ਮਿਲਦੀ, ਕਿਉਂਕਿ ਸੁਪਨੇ ਵਿਚ, ਸਜ਼ਾ ਭੁਗਤਦਿਆਂ ਹੀ ਸਾਡੀ ਜਾਗ ਖੁੱਲ੍ਹਦੀ ਹੈ।

ਕਿਸੇ ਰਾਜਸੀ ਪਾਰਟੀ ਨਾਲ ਜੁੜ ਕੇ ਗ਼ਲਤ ਦੀ ਪ੍ਰਸੰਸਾ ਅਤੇ ਸਹੀ ਦੀ ਨਿੰਦਾ ਕਰਨੀ ਆਪੇ ਆ ਜਾਂਦੀ ਹੈ, ਇਸ ਤੋਂ ਬਿਨਾਂ ਪਾਰਟੀ ਚਲਦੀ ਨਹੀਂ।

ਚੰਗਾ ਅਤੇ ਸਹੀ ਕੰਮ ਕਰਨ ਦੀ ਮੁਆਫ਼ੀ ਮੰਗੋ, ਪਤਨੀ ਅਤੇ ਵਿਰੋਧੀ ਪੀੜਤ ਮਹਿਸੂਸ ਕਰਨਗੇ।

ਸਹੀ ਅਰਥਾਂ ਵਿਚ ਆਜ਼ਾਦ ਵਿਅਕਤੀ, ਕਿਸੇ ਨਿਰਦਈ ਅਤੇ ਅਨਿਆਂਪੂਰਣ ਮੁਕਾਬਲੇ ਵਿਚ ਨਹੀਂ ਪੈਂਦਾ।

ਭਾਵਨਾਵਾਂ ਤੋਂ ਅਭਿੱਜ ਠੰਡੇ ਦਿਲਾਂ ਵਾਲੇ ਲੋਕ ਵਧੇਰੇ ਯਥਾਰਥਵਾਦੀ ਹੋਣ ਕਾਰਨ, ਮੋਹ ਅਤੇ ਮਮਤਾ ਤੋਂ ਕੋਰੇ ਹੁੰਦੇ ਹਨ। ਅਜਿਹੇ ਵਿਅਕਤੀਆਂ ਵਿਚ ਨਾ ਪਛਤਾਵਾ ਹੁੰਦਾ ਹੈ ਨਾ ਆਸ ਹੁੰਦੀ ਹੈ।

ਸਾਡੀ ਮਾਨਸਿਕ ਹਾਲਤ ਬਦਲਦੀ ਰਹਿੰਦੀ ਹੈ, ਜਿਸ ਕਾਰਨ ਸਾਡੀਆਂ ਤਰਜੀਹਾਂ ਅਤੇ ਸਾਡੇ ਸੱਚ-ਝੂਠ ਦੀ ਕਿਸਮ ਵੀ ਬਦਲਦੀ ਰਹਿੰਦੀ ਹੈ।

ਕਈ ਵਿਚਾਰ ਸਮੁੱਚੇ ਚਿੰਤਨ ਨੂੰ ਉਧਾਲ ਕੇ ਲੈ ਜਾਂਦੇ ਹਨ।

ਅਪਰਾਧ, ਸਮਾਜ ਵਿਚਲੇ ਵਿਅਕਤੀਆਂ ਦੇ ਗੁੱਸੇ ਦੇ ਸੂਚਕ ਹੁੰਦੇ ਹਨ।

ਮਨੁੱਖ ਵੀ ਸਰਕੱਸੀ ਜੀਵ ਹੈ ਪਰ ਇਹ ਪਿੰਜਰੇ ਤੋਂ ਬਾਹਰ ਹੈ।

ਗ਼ਲਤੀ ਉਹ ਹੁੰਦੀ ਹੈ ਜਿਸ ਦੀ ਸਜ਼ਾ ਭੁਗਤਣੀ ਪੈਂਦੀ ਹੈ, ਅਣਗਹਿਲੀ ਨਾਲ ਸੱਟ ਲੱਗਦੀ ਹੈ। ਧਿਆਨ ਨਾਲ ਨਹੀਂ ਟੁਰੋਗੇ, ਸੱਟ ਲੱਗੇਗੀ, ਲਾਲ ਬੱਤੀ ਤੇ ਗ਼ਲਤ ਮੁੜੋਗੇ, ਚਲਾਨ ਕੱਟੇਗਾ।

ਹਾਰ, ਖਿੰਡੇ ਹੋਏ ਮਨੁੱਖ ਨੂੰ ਇਕਾਗਰ ਕਰਦੀ ਹੈ, ਉਹ ਅਗਲੀ ਵਾਰ ਜਿੱਤਣ ਬਾਰੇ ਸੋਚਣ ਲੱਗ ਪੈਂਦਾ ਹੈ। ਹਾਰ, ਇਕਾਗਰ ਮਨੁੱਖ ਨੂੰ ਕਈ ਵਾਰ ਖਿੰਡਾ ਵੀ ਦਿੰਦੀ ਹੈ, ਉਹ ਪਿੜ ਹੀ ਛੱਡ ਜਾਂਦਾ ਹੈ।

ਸਾਹਿਤ ਵਿਚ ਵਿਚਾਰ ਅਤੇ ਗਿਆਨ, ਉਵੇਂ ਹੀ ਛੁਪੇ ਹੁੰਦੇ ਹਨ, ਜਿਵੇਂ ਫਲਾਂ ਵਿਚ ਸਵਾਦ ਅਤੇ ਪੌਸ਼ਟਿਕਤਾ ਛੁਪੇ ਹੁੰਦੇ ਹਨ। ਸਾਡੇ ਜੀਵਨ ਵਿਚ ਸਾਹਿਤ ਅਤੇ ਫਲਾਂ ਦੀ ਭੂਮਿਕਾ ਇਕੋ ਜਿਹੀ ਹੁੰਦੀ ਹੈ।

ਪਸ਼ੂ ਖ਼ਤਰੇ ਦੀ ਹਾਲਤ ਵਿਚ ਡਰਦੇ ਹਨ, ਉਂਝ ਇਹ ਸਭ ਪ੍ਰਕਾਰ ਦੇ ਪਛਤਾਵੇ ਅਤੇ ਤੌਖਲੇ ਤੋਂ ਮੁਕਤ ਹੁੰਦੇ ਹਨ।

ਲੇਖਕ ਜੋ ਸੋਚਣਾ ਆਰੰਭ ਕਰਦਾ ਹੈ ਅਤੇ ਅੰਤਿਮ ਰੂਪ ਵਿਚ ਜੋ ਲਿਖਦਾ-ਛਾਪਦਾ ਹੈ, ਉਸ ਵਿਚਕਾਰ ਬੜਾ ਕੁਝ ਵਾਪਰਦਾ ਹੈ। ਇਨ੍ਹਾਂ ਦੋਹਾਂ ਪੜਾਵਾਂ ਵਿਚ ਜਿਤਨਾ ਵੱਡਾ ਫਾਸਲਾ ਅਤੇ ਅੰਤਰ ਹੋਵੇਗਾ, ਉਹ ਰਚਨਾ ਉਤਨੀ ਵਧੇਰੇ ਦਿਲਚਸਪ ਹੋਵੇਗੀ ਅਤੇ ਵਧੇਰੇ ਤਸੱਲੀ ਦੇਵੇਗੀ।

ਜਿਹੜੇ ਵਿਅਕਤੀ ਪਰਿਵਰਤਨ ਨੂੰ ਪਸੰਦ ਕਰਦੇ ਹਨ, ਉਹ ਸੰਸਾਰ ਨਾਲ ਵਧੇਰੇ ਇਕ-ਸੁਰ ਹੁੰਦੇ ਹਨ।

ਚੰਗੀ ਆਲੋਚਨਾ ਲਿਖਤ 'ਤੇ ਅਤੇ ਭੈੜੀ ਆਲੋਚਨਾ ਲੇਖਕ 'ਤੇ ਕੇਂਦਰਿਤ ਹੁੰਦੀ ਹੈ।

ਮਹਾਨ ਵਿਅਕਤੀ ਆਪਣੇ ਆਪ ਵਿਚ ਮਹਾਨ ਹੁੰਦੇ ਹਨ, ਉਹ ਕਿਸੇ ਦੀ ਤੁਲਨਾ ਵਿਚ ਮਹਾਨ ਨਹੀਂ ਹੁੰਦੇ। ਅਸੀਂ ਸੁਕਰਾਤ ਜਾਂ ਬੁੱਧ ਜਾਂ ਗਾਂਧੀ ਨੂੰ ਕਿਸੇ ਹੋਰ ਨਾਲ ਤੁਲਨਾਉਂਦੇ ਨਹੀਂ।

ਵੱਡੇ ਬੰਦਿਆਂ ਨੂੰ ਕਿਸੇ ਇਨਾਮ-ਸਨਮਾਨ ਦੀ ਪ੍ਰਵਾਹ ਨਹੀਂ ਹੁੰਦੀ, ਕਿਉਂਕਿ ਉਨ੍ਹਾਂ ਨੇ ਦੇਣਾ ਹੀ ਦੇਣਾ ਹੁੰਦਾ ਹੈ, ਕੁਝ ਲੈਣਾ ਨਹੀਂ ਹੁੰਦਾ।

ਚੀਜ਼ਾਂ ਉਹੀ ਚੰਗੀਆਂ ਲੱਗਦੀਆਂ ਹਨ, ਜਿਹੜੀਆਂ ਕਿਸੇ ਪੁਰਾਣੀ ਤਾਂਘ ਦੀ ਇੱਛਾ-ਪੂਰਤੀ ਕਰਦੀਆਂ ਹਨ।

ਕਿਸੇ ਦੀ ਬੇਇੱਜ਼ਤੀ ਹੋਰਾਂ ਨੂੰ ਦਿਖਾਉਣ ਲਈ ਹੁੰਦੀ ਹੈ, ਕਿਉਂਕਿ ਇਹ ਮੰਦ-ਭਾਵਨਾ ਤੋਂ ਪ੍ਰੇਰਿਤ ਹੁੰਦੀ ਹੈ।

ਕਈ ਪ੍ਰੇਮ ਵਿਆਹ ਕਰਵਾਉਣ ਨੂੰ ਇਨਕਲਾਬੀ ਕਦਮ ਦੱਸਦੇ ਹਨ।

ਲੇਖਕ ਵਿਉਂਤ ਬਣਾ ਕੇ ਲਿਖਦਾ ਹੈ, ਪਾਠਕ ਵਿਉਂਤ ਤੋਂ ਬਿਨਾਂ ਪੜ੍ਹਦਾ ਹੈ, ਇਸ ਲਈ ਪਾਠਕ ਲੇਖਕ ਤੋਂ ਪ੍ਰਭਾਵਿਤ ਹੁੰਦਾ ਹੈ।

ਸਾਡੇ ਦੇਸ਼ ਵਿਚ ਅਸਹਿਮਤੀ ਨੂੰ ਅਪਮਾਨ ਸਮਝਿਆ ਜਾਂਦਾ ਹੈ ਪਰੰਤੂ ਜਦੋਂ ਵਿਅਕਤੀ ਅਸਹਿਮਤੀ ਦਾ ਸਤਿਕਾਰ ਕਰਨਾ ਸਿੱਖ ਲਵੇ, ਉਹ ਬਹੁਤ ਵੱਡੇ ਅਹੁਦੇ ਅਤੇ ਜ਼ਿੰਮੇਵਾਰੀ ਦੇ ਯੋਗ ਹੋ ਜਾਂਦਾ ਹੈ।

ਸਥਾਪਤ ਹੋਇਆ ਲੇਖਕ, ਭਾਸ਼ਾ ਨਾਲ ਖੁੱਲ੍ਹਾਂ ਲੈਣ ਲੱਗ ਪੈਂਦਾ ਹੈ, ਵਿਚਾਰਾਂ ਨਾਲ ਉਹ ਪਹਿਲਾਂ ਹੀ ਖੁੱਲ੍ਹਾਂ ਮਾਣ ਰਿਹਾ ਹੁੰਦਾ ਹੈ।

ਅਕੇਵਾਂ ਕਦੇ ਸੋਹਣਾ ਨਹੀਂ ਹੁੰਦਾ, ਦਿਲਚਸਪੀ ਕਦੇ ਕੋਝੀ ਨਹੀਂ ਹੁੰਦੀ।

ਹਰ ਰਾਇ, ਕਿਸੇ ਹੋਰ ਦੀ ਰਾਇ ਦੇ ਵਿਰੋਧ ਵਿਚ ਹੁੰਦੀ ਹੈ।

ਹੈਰਾਨੀ ਦੀ ਉਮਰ ਲੰਮੀ ਨਹੀਂ ਹੁੰਦੀ।

ਅੰਗਰੇਜ਼ ਹਮੇਸ਼ਾ ਜਿਲਦ ਵਾਲੀ ਕਿਤਾਬ ਖਰੀਦਦੇ ਸਨ, ਟੋਪ ਤੋਂ ਬਿਨਾਂ ਬਾਹਰ ਨਹੀਂ ਜਾਂਦੇ ਸਨ, ਦੁਕਾਨ ਤੋਂ ਵਾਪਸ ਮਿਲੀ ਭਾਨ ਗਿਣਦੇ ਨਹੀਂ ਸਨ, ਇਹ ਉਨ੍ਹਾਂ ਵਲੋਂ ਹਾਕਮ ਦਿਸਣ ਦੇ ਢੰਗ ਸਨ।

ਸੋਹਣੀ ਇਸਤਰੀ ਦੇ ਚਿਹਰੇ ਤੋਂ ਨਜ਼ਰ ਤਿਲ੍ਹਕ-ਤਿਲ੍ਹਕ ਜਾਂਦੀ ਹੈ।

ਕੰਮ, ਕੰਮ ਹੁੰਦਾ ਹੈ, ਔਖਾ ਵੀ, ਸੌਖਾ ਵੀ।

ਭਾਵਨਾਵਾਂ, ਤਰਕ ਦੇ ਅਧੀਨ ਨਹੀਂ; ਤਰਕ, ਭਾਵਨਾਵਾਂ ਦੇ ਅਧੀਨ ਹੁੰਦਾ ਹੈ।

ਕਿਸੇ ਚੀਜ਼ ਦੀ ਅਸੀਂ ਪਹਿਲਾਂ ਇੱਛਾ ਕਰਦੇ ਹਾਂ, ਜਿਹੜੀ ਸੰਭਾਵਨਾ ਬਣ ਜਾਂਦੀ ਹੈ ਅਤੇ ਵਕਤ ਪਾ ਕੇ ਇਹੀ ਸੰਭਾਵਨਾ ਲੋੜ ਬਣ ਜਾਂਦੀ ਹੈ।

ਜਿਉਂ ਜਿਉਂ ਸਰੀਰ ਨੂੰ ਵੱਧ ਵਰਤਿਆ ਜਾਂਦਾ ਹੈ, ਤਿਉਂ-ਤਿਉਂ ਦਿਮਾਗ਼ ਨੂੰ ਵਧੇਰੇ ਸ਼ਕਤੀ ਅਤੇ ਆਰਾਮ ਮਿਲਦਾ ਹੈ। ਕਸਰਤ ਨਾਲ ਸਰੀਰ ਤੰਦਰੁਸਤ ਹੁੰਦਾ ਹੈ ਅਤੇ ਦਿਮਾਗ਼ ਮਜ਼ਬੂਤ ਹੁੰਦਾ ਹੈ।

ਜਿਨ੍ਹਾਂ ਦੇ ਸ਼ਬਦਾਂ ਅਤੇ ਵਿਸ਼ੇਸ਼ਣਾਂ ਵਿਚ ਤਾਲਮੇਲ ਨਹੀਂ ਹੁੰਦਾ, ਉਨ੍ਹਾਂ ਨੂੰ ਅਸੀਂ ਧਿਆਨ ਨਾਲ ਨਹੀਂ ਸੁਣਦੇ।

ਪਿਆਰ ਕਰਨ ਦੀ ਆਦਤ ਨਹੀਂ ਹੁੰਦੀ, ਆਦਤ ਪਸੰਦ ਕਰਨ ਦੀ ਹੁੰਦੀ ਹੈ। ਪਸੰਦ ਨੂੰ ਪਿਆਰ ਵਿਚ ਬਦਲਣ ਦਾ ਉਪਰਾਲਾ ਕਰਨਾ ਪੈਂਦਾ ਹੈ।

ਗੰਭੀਰ ਧਮਕੀਆਂ ਸੰਖੇਪ ਹੁੰਦੀਆਂ ਹਨ। ਵਿਸਥਾਰ ਵਿਚ ਦਿੱਤੀਆਂ ਧਮਕੀਆਂ ਦਮਗਜੇ ਹੁੰਦੀਆਂ ਹਨ।

ਸਾਰੇ ਸੈਂਟ ਸੁਤੰਤਰ ਹੁੰਦੇ ਹਨ, ਕੋਈ ਸੈਂਟ ਕਿਸੇ ਹੋਰ ਸੈਂਟ ਨਾਲ ਸਮਝੌਤਾ ਨਹੀਂ ਕਰਦਾ।

ਸਮੇਂ ਦੀ ਕੋਈ ਵੀ ਮਿਆਦ, ਸਾਰੇ ਪਿਆਰ ਨੂੰ ਆਪਣੇ ਕਲਾਵੇ ਵਿਚ ਨਹੀਂ ਲੈ ਸਕਦੀ, ਜਿਸ ਕਾਰਨ ਪ੍ਰੇਮੀ-ਪ੍ਰੇਮਿਕਾ, ਦੋਵੇਂ ਸਦੀਵੀ ਪਿਆਰ ਦੀਆਂ ਗੱਲਾਂ ਕਰਦੇ ਹਨ।

ਨਿਮਰਤਾ, ਆਪਣੇ ਆਪ ਨੂੰ ਦੂਜੇ ਨਾਲੋਂ ਘੱਟ ਮਹੱਤਵਪੂਰਨ ਸਮਝਣ ਦਾ ਪ੍ਰਗਟਾਵਾ ਹੁੰਦੀ ਹੈ। ਸੁਤੰਤਰਤਾ ਦਾ ਭਾਵ ਹੈ, ਮੈਂ ਤੁਹਾਡੇ ਤੋਂ ਵੱਖਰਾ ਹਾਂ। ਨਿਮਰਤਾ ਵਿਚ ਦੂਜੇ ਦਾ ਧਿਆਨ ਰੱਖਣ ਦੀ ਬਿਰਤੀ ਹੁੰਦੀ ਹੈ।

ਇਨਕਲਾਬ ਅਕਸਰ ਇਕ ਸਦੀ ਤੋਂ ਉਡੀਕੇ ਜਾ ਰਹੇ ਪਰਿਵਰਤਨ ਨੂੰ ਦੋ ਸਾਲਾਂ ਵਿਚ ਲਿਆ ਵਿਖਾਉਂਦਾ ਹੈ ਅਤੇ ਪੰਜ ਸਦੀਆਂ ਦੀਆਂ ਕਲਾਤਮਕ ਅਤੇ ਸੋਹਜਾਤਮਕ ਪ੍ਰਾਪਤੀਆਂ ਨੂੰ ਇਕ ਸਾਲ ਵਿਚ ਮੇਟ ਵੀ ਦਿੰਦਾ ਹੈ।

ਕੱਪੜੇ, ਸ਼ਰੀਫ ਅਤੇ ਸਿਆਣੇ ਵਿਖਾਈ ਦੇਣ ਵਿਚ ਸਹਾਈ ਹੁੰਦੇ ਹਨ।

ਦਿਲਚਸਪੀ ਨਾਲ ਭੋਜਨ ਖਾਣ ਵਾਲੇ ਸੁਹਿਰਦ ਹੁੰਦੇ ਹਨ। ਜੂਠਾ ਛੱਡਣ ਵਾਲੇ ਸਾਊ, ਸ਼ਰੀਫ ਅਤੇ ਸਿਆਣੇ ਨਹੀਂ ਹੁੰਦੇ।

ਜਦੋਂ ਵਿਅਕਤੀ ਅੰਦਰਲੀ ਗੱਲ ਸਮਝ ਜਾਂਦਾ ਹੈ ਤਾਂ ਉਹ ਚੁੱਪ ਹੋ ਜਾਂਦਾ ਹੈ।

ਬਹੁਤ ਭਾਵਕ ਵਿਅਕਤੀਆਂ ਲਈ ਹਰੇਕ ਗੱਲ ਇਕ ਸਮੱਸਿਆ ਹੁੰਦੀ ਹੈ।

ਜੇ ਤੁਹਾਨੂੰ ਕਿਸੇ ਨਾਲ ਪਿਆਰ ਹੋ ਗਿਆ ਹੈ ਤਾਂ ਪਿਆਰ ਆਪ ਹੀ ਆਪਣਾ ਰਸਤਾ ਬਣਾਏਗਾ, ਤੁਸੀਂ ਦਖ਼ਲ ਨਹੀਂ ਦੇ ਸਕਦੇ। ਜੇ ਦਖ਼ਲ ਦਿੰਦੇ ਹੋ ਤਾਂ ਇਹ ਤੁਹਾਡਾ ਪਹਿਲਾ ਪਿਆਰ ਨਹੀਂ ਹੋਵੇਗਾ।

ਫੈਸ਼ਨਦਾਰ ਇਸਤਰੀ ਨਾ ਕਿਸੇ ਨੂੰ ਬਹੁਤਾ ਨੇੜੇ ਆਉਣ ਦਿੰਦੀ ਹੈ, ਨਾ ਕਿਸੇ ਦੇ ਬਹੁਤਾ ਨੇੜੇ ਜਾਂਦੀ ਹੈ, ਉਹ ਆਉਂਦੀ-ਜਾਂਦੀ ਹੀ ਪ੍ਰਭਾਵਿਤ ਕਰਦੀ ਹੈ।

ਛੜੇ ਦੋ ਪ੍ਰਕਾਰ ਦੇ ਹੁੰਦੇ ਹਨ। ਵਿਆਹਿਆਂ ਨੂੰ ਵੇਖ ਕੇ ਆਪਣੀ ਕਿਸਮਤ 'ਤੇ ਝੂਰਨ ਵਾਲੇ ਅਤੇ ਵਿਆਹਿਆਂ 'ਤੇ ਤਰਸ ਖਾਣ ਵਾਲੇ।

ਫੈਸ਼ਨ ਦਾ ਸੰਬੰਧ ਰੋਸ਼ਨੀ ਨਾਲ ਹੁੰਦਾ ਹੈ, ਰੋਸ਼ਨੀ ਕਿਹੋ ਜਿਹੀ ਹੋਵੇਗੀ, ਲੋਕ ਕਿਤਨੇ, ਕੌਣ ਅਤੇ ਕਿਹੋ ਜਿਹੇ ਹੋਣਗੇ, ਕਿਤਨਾ ਚਿਰ ਵੇਖਣਗੇ। ਇਹ ਸਾਰੇ ਪੱਖ ਇਸਤਰੀ ਦੇ ਕੱਪੜਿਆਂ, ਗਹਿਣਿਆਂ, ਸ਼ਿੰਗਾਰ ਅਤੇ ਤਿਆਰ ਹੋਣ ਦਾ ਨਿਰਣਾ ਕਰਦੇ ਹਨ।

ਮੁੱਢ ਵਿਚ ਅਸੀਂ ਕਿਸੇ ਦੇ ਨੈਣ-ਨਕਸ਼ ਅਤੇ ਕੱਪੜੇ ਵੇਖ ਕੇ ਵਿਹਾਰ ਕਰਦੇ ਹਾਂ। ਉਹ ਜਦੋਂ ਬੋਲਦਾ ਹੈ ਤਾਂ ਉਸ ਦੀ ਦਿਮਾਗ਼ੀ ਪੱਧਰ ਦਾ ਪਤਾ ਲੱਗਣ 'ਤੇ, ਸਾਡਾ ਵਿਹਾਰ ਬਦਲ ਜਾਂਦਾ ਹੈ।

ਸੁਪਨੇ ਸੰਬੰਧੀ ਸਮੱਸਿਆ ਇਹ ਹੁੰਦੀ ਹੈ ਕਿ ਇਸ ਦਾ ਯਥਾਰਥ ਨਾਲ ਸੰਬੰਧ ਕਿਵੇਂ ਜੋੜਿਆ ਜਾਵੇ।

ਸਾਡੇ ਚਹੇਤੇ ਵਿਚਾਰ ਸਾਡੀਆਂ ਸੋਚਾਂ ਵਿਚ ਬਹਿ ਜਾਂਦੇ ਹਨ। ਜਿਨ੍ਹਾਂ ਵਿਚਾਰਾਂ ਨਾਲ ਅਸੀਂ ਸਹਿਮਤ ਨਹੀਂ ਹੁੰਦੇ, ਉਨ੍ਹਾਂ ਨੂੰ ਅਸੀਂ ਬਾਹਰੋਂ ਹੀ ਵਿਦਾ ਕਰ ਦਿੰਦੇ ਹਾਂ।

ਜਿਹੜਾ ਕੇਵਲ ਉੱਤੇਜਿਤ ਕਰਦਾ ਹੈ, ਪ੍ਰਭਾਵਿਤ ਨਹੀਂ ਕਰਦਾ, ਉਹ ਮੁੱਲਵਾਨ ਅਤੇ ਲਾਭਕਾਰੀ ਨਹੀਂ ਹੁੰਦਾ।

ਧਰਮ ਵੀ ਮਨੁੱਖ ਦੀਆਂ ਹੋਰ ਲੋੜਾਂ ਵਰਗੀ ਇਕ ਲੋੜ ਹੈ।

ਤੱਥਾਂ ਨੂੰ ਨਾ ਮੰਨਣਾ, ਮਨ ਦੀ ਸੁਤੰਤਰਤਾ ਦੀ ਨਿਸ਼ਾਨੀ ਵੀ ਹੈ ਅਤੇ ਮੂਰਖਤਾ ਵੀ।

ਆਦਰਸ਼ਵਾਦ: ਜੋ ਦਿਸਦਾ ਹੈ ਉਹ ਮਾਯਾ ਹੈ, ਭੁਲੇਖਾ ਹੈ।
ਯਥਾਰਥਵਾਦ: ਜੋ ਦਿਸ ਰਿਹਾ ਹੈ, ਪ੍ਰਤੱਖ ਹੈ, ਉਹੀ ਯਥਾਰਥ ਹੈ।

ਮਨੁੱਖ, ਸੋਚਣ ਵੇਲੇ ਹੀ ਪਸ਼ੂਆਂ ਤੋਂ ਵੱਖਰਾ ਹੁੰਦਾ ਹੈ ਪਰ ਮਨੁੱਖ ਸੋਚਦਾ ਕਦੇ-ਕਦੇ ਹੀ ਹੈ। ਵਿਹਾਰ ਦੇ ਪੱਖੋਂ ਅਕਸਰ ਪਸ਼ੂ, ਮਨੁੱਖ ਤੋਂ ਬਿਹਤਰ ਹੁੰਦੇ ਹਨ।

ਕੌਣ ਵਧੇਰੇ ਆਨੰਦ ਮਾਣਦਾ ਹੈ? ਬੱਚਤ ਕਰਨ ਵਾਲਾ ਜਾਂ ਖੁੱਲ੍ਹਾ ਖ਼ਰਚਣ ਵਾਲਾ? ਤੁਹਾਡੇ ਜਵਾਬ ਤੋਂ ਪਤਾ ਲੱਗੇਗਾ ਕਿ ਤੁਸੀਂ ਕੀ ਹੋ?

ਸੂਰਜ ਨਿਕਲਣ ਨਾਲ, ਚੀਜ਼ਾਂ-ਵਸਤਾਂ-ਚਿਹਰੇ ਹੀ ਸਾਫ ਦਿਸਣ ਨਹੀਂ ਲੱਗ ਜਾਂਦੇ, ਵਿਚਾਰ ਵੀ ਸਪੱਸ਼ਟ ਹੋ ਜਾਂਦੇ ਹਨ।

ਦੋਸਤਾਂ ਦੀ ਚੋਣ ਵਿਚ ਸਬੱਬ ਬੜੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ ਪਰ ਜੀਵਨ-ਸਾਥੀ ਦੀ ਚੋਣ ਵਿਚ ਸਾਡੇ ਵਿਸ਼ਵਾਸ, ਲੋੜਾਂ, ਉਮੀਦਾਂ ਅਤੇ ਸੁਪਨੇ ਫੈਸਲਾ ਕਰਦੇ ਹਨ।

ਹਰ ਸਮੱਸਿਆ ਰੁਕਾਵਟ ਵੀ ਹੁੰਦੀ ਹੈ ਅਤੇ ਰਾਹ ਵੀ ਵਿਖਾਉਂਦੀ ਹੈ। ਤੁਹਾਡੀ ਪਹੁੰਚ ਦੱਸੇਗੀ ਕਿ ਉਹ ਰੁਕਾਵਟ ਹੈ ਕਿ ਅਵਸਰ ਹੈ।

ਨੋਟਬੰਦੀ ਵਾਂਗ, ਜਿਹੜੀ ਸਮੱਸਿਆ ਜ਼ਿੰਦਗੀ ਵਿਚ ਇਕ ਵਾਰੀ ਵਾਪਰਦੀ ਹੈ, ਉਸ ਦੀ ਨਾ ਸਿਖਲਾਈ ਦਿੱਤੀ ਜਾ ਸਕਦੀ ਹੈ, ਨਾ ਉਸ ਬਾਰੇ ਕਿਸੇ ਪ੍ਰਕਾਰ ਦਾ ਮੁਕੰਮਲ ਯੋਗ ਪ੍ਰਬੰਧ ਕੀਤਾ ਜਾ ਸਕਦਾ ਹੈ।

ਪਰਮਾਤਮਾ ਦੀ ਦਿਲਚਸਪੀ ਨਵੇਂ ਮਨੁੱਖ ਅਤੇ ਜੀਵ ਬਣਾਉਣ ਵਿਚ ਹੈ, ਬਣਾਇਆਂ ਨੂੰ ਹਮੇਸ਼ਾ ਵਾਸਤੇ ਸਾਂਭਣ-ਸੰਭਾਲਣ ਵਿਚ ਨਹੀਂ।

ਸੰਗੀਤਕਾਰ ਜਾਣਦੇ ਹੁੰਦੇ ਹਨ ਕਿ ਨਿਰੰਤਰ ਮਿਹਨਤ ਅਤੇ ਰਿਆਜ਼ ਨਾ ਕਰਨ ਨਾਲ, ਕੋਈ ਪਿੱਛੋਂ ਆ ਕੇ ਅੱਗੇ ਲੰਘ ਜਾਵੇਗਾ, ਇਸ ਲਈ ਸਿਖ਼ਰਲੇ ਸੰਗੀਤਕਾਰ ਬਹੁਤ ਅਧਿਕ ਰਿਆਜ਼ ਕਰਦੇ ਹਨ।

ਜਦੋਂ ਗੱਪਾਂ ਮਾਰੀਆਂ ਜਾਂਦੀਆਂ ਹਨ ਤਾਂ ਸਾਰਿਆਂ ਦੀ ਅਕਲ ਦਾ ਲਘੁਤਮ-ਮਹੱਤਮ ਨਿਕਲ ਰਿਹਾ ਹੁੰਦਾ ਹੈ।

ਕਈਆਂ ਦੀਆਂ ਅੱਖਾਂ ਅਨਪੜ੍ਹ ਪਰ ਉਨ੍ਹਾਂ ਦੇ ਕੰਨ ਬੜੇ ਵਿਦਵਾਨ ਹੁੰਦੇ ਹਨ।

ਪਹਿਲੇ ਦਰਜੇ ਦਾ ਸਮਾਂ ਬੜਾ ਕੀਮਤੀ ਹੁੰਦਾ ਹੈ, ਇਹ ਮੌਲਿਕ ਕਾਰਜਾਂ ਵਿਚ ਲੱਗਦਾ ਹੈ। ਖੇਡਾਂ ਖੇਡਣ, ਫਿਲਮਾਂ ਵੇਖਣ, ਨਾਵਲ ਪੜ੍ਹਨ ਆਦਿ ਵਿਚ ਲੱਗਣ ਵਾਲਾ ਸਮਾਂ, ਦੂਜੇ ਦਰਜੇ ਦਾ ਹੁੰਦਾ ਹੈ। ਤਾਸ਼ ਖੇਡਣ ਅਤੇ ਕ੍ਰਿਕਟ ਵੇਖਣ ਵਿਚ ਲੱਗੇ ਸਮੇਂ ਦਾ ਕੋਈ ਦਰਜਾ ਨਹੀਂ ਹੁੰਦਾ।

ਜਦੋਂ ਕੋਈ ਇਸਤਰੀ, ਕਿਸੇ ਪੁਰਸ਼ ਲਈ ਆਪਣੇ ਪਿਆਰ ਦਾ ਲੁਕਵਾਂ ਪ੍ਰਗਟਾਵਾ ਕਰਦੀ ਹੈ ਤਾਂ ਪਿਆਰ ਦੀ ਦਹਿਲੀਜ਼ ਟੱਪੀ ਜਾਂਦੀ ਹੈ। ਉਹ ਦੋਵੇਂ ਬਾਹਰਲੇ ਨਹੀਂ ਰਹਿੰਦੇ, ਅੰਦਰਲੇ ਹੋ ਜਾਂਦੇ ਹਨ।

ਪ੍ਰਸਿੱਧੀ ਨੂੰ ਸੰਭਾਲਣਾ ਸੌਖਾ ਨਹੀਂ ਹੁੰਦਾ, ਕਿਉਂਕਿ ਪ੍ਰਸਿੱਧ ਹੋ ਕੇ ਡਿੱਗਣ ਦਾ ਖ਼ਤਰਾ ਵੱਧ ਜਾਂਦਾ ਹੈ।

ਮੋਟਾ ਬੰਦਾ ਜਲਦੀ ਥੱਕ ਜਾਂਦਾ ਹੈ, ਉਸ ਨੂੰ ਭੁੱਖ ਲੱਗੀ ਹੀ ਰਹਿੰਦੀ ਹੈ। ਉਹ ਖਾਣ ਅਤੇ ਸੌਣ ਦਾ ਮਾਹਿਰ ਬਣ ਜਾਂਦਾ ਹੈ, ਜਿਸ ਕਾਰਨ ਉਸ ਨੂੰ ਕਿਸੇ ਵੱਡੇ ਅਤੇ ਮਹੱਤਵਪੂਰਨ ਕੰਮ ਦੇ ਯੋਗ ਨਹੀਂ ਸਮਝਿਆ ਜਾਂਦਾ।

ਪੁਰਾਤਨ ਰੋਮ ਅਤੇ ਯੂਨਾਨ ਵਿਚ ਹਰੇਕ ਨਾਗਰਿਕ, ਬਾਹਰੀ ਹਮਲੇ ਵੇਲੇ, ਫੌਜ ਦਾ ਸਿਪਾਹੀ ਬਣ ਜਾਂਦਾ ਸੀ।

ਜਿਹੜੀ ਇਸਤਰੀ ਆਪਣੇ ਪਤੀ ਤੋਂ ਨਿਰਾਸ਼ ਹੋ ਜਾਂਦੀ ਹੈ, ਉਹ ਬੱਚਿਆਂ ਨੂੰ ਆਪਣੀ ਟੇਕ ਬਣਾ ਲੈਂਦੀ ਹੈ ਪਰ ਉਹ ਜਿਉਂਦੀ ਅੱਧੀ ਜ਼ਿੰਦਗੀ ਹੈ।

ਅਸਮਾਨ ਵਿਚ ਮੱਸਿਆ ਦੀ ਰਾਤ ਨੂੰ ਤਾਰੇ ਬੜੇ ਹੁੰਦੇ ਹਨ, ਲੋੜ ਇਕ ਚੰਨ ਦੀ ਹੁੰਦੀ ਹੈ।

ਜ਼ਿੰਦਗੀ ਦੀਆਂ ਤਪਦੀਆਂ ਧੁੱਪਾਂ ਵਿਚ ਕੋਈ ਕਿਸੇ ਦਾ ਸਾਥ ਨਹੀਂ ਦਿੰਦਾ, ਕੇਵਲ ਆਪਣਾ ਪਰਛਾਵਾਂ ਹੀ ਨਾਲ ਰਹਿੰਦਾ ਹੈ।

ਜਿਹੜਾ ਪੁਰਸ਼, ਉਸ ਦੇ ਗੁੱਝੇ ਇਸ਼ਾਰੇ ਨਾ ਸਮਝੇ, ਇਸਤਰੀ ਉਸ ਨੂੰ ਬੇਵਕੂਫ਼ ਕਹਿੰਦੀ ਹੈ। ਬੇਵਕੂਫ਼ ਨਾ ਬਣੋ।

ਕੁਝ ਦੀ ਗੱਲਬਾਤ, ਭੁਲੇਖਿਆਂ ਅਤੇ ਗ਼ਲਤਫ਼ਹਿਮੀਆਂ ਨੂੰ ਦੂਰ ਕਰਨ ਵਾਲੀ ਅਤੇ ਦਿਲ ਨੂੰ ਟਿਕਾਉਣ ਵਾਲੀ ਹੁੰਦੀ ਹੈ।

ਇਕ ਊਠ, ਦੂਜੇ ਊਠ ਨੂੰ, ਉਸ ਦੇ ਕੁੱਬ ਦਾ ਮਿਹਣਾ ਨਹੀਂ ਮਾਰਦਾ।

ਜਿਹੜਾ ਹੌਸਲੇ ਵਿਚ ਫਾਡੀ ਹੋਵੇਗਾ, ਉਹ ਚਲਾਕੀ ਵਿਚ ਅੱਵਲ ਹੋਵੇਗਾ।

ਇਕ ਹੌਕੇ ਨਾਲ ਔਰਤ, ਪੁਰਸ਼ ਦੇ ਪੂਰੇ ਭਾਸ਼ਣ ਨਾਲੋਂ ਵਧੇਰੇ ਦਸ ਜਾਂਦੀ ਹੈ।

ਜੇ ਚੀਜ਼ਾਂ ਅਤੇ ਵਿਅਕਤੀਆਂ ਨੂੰ ਵੇਖਣ ਦਾ ਢੰਗ ਬਦਲ ਲਓ ਤਾਂ ਵਿਅਕਤੀ ਅਤੇ ਚੀਜ਼ਾਂ ਬਦਲ ਜਾਣਗੀਆਂ।

ਤੱਥਾਂ ਨੂੰ ਇਕੱਤਰ ਕਰਨ ਨੂੰ ਗਿਆਨ ਕਹਿੰਦੇ ਹਨ, ਇਨ੍ਹਾਂ ਨੂੰ ਤਰਤੀਬ ਨਾਲ ਜੋੜਨਾ ਸਿਆਣਪ ਕਹਾਉਂਦੀ ਹੈ।

ਜੇ ਆਪਣੇ ਅਸੂਲਾਂ ਅਨੁਸਾਰ ਫੈਸਲੇ ਕਰਨੇ ਹੋਣ ਤਾਂ ਫੈਸਲੇ ਕਰਨੇ ਮੁਸ਼ਕਿਲ ਨਹੀਂ ਹੁੰਦੇ, ਪਰ ਇਹ ਫੈਸਲੇ ਅਮਲ ਵਿਚ ਲਿਆਉਣੇ ਮੁਸ਼ਕਿਲ ਹੋਣਗੇ।

ਆਪਣੇ ਆਪ ਨਾਲ ਜਾਣ-ਪਛਾਣ ਬਿਮਾਰੀ ਦੌਰਾਨ ਹੁੰਦੀ ਹੈ। ਆਪਣੀ ਸਮਰੱਥਾ ਦਾ ਪਤਾ ਖ਼ਾਲੀ ਜੇਬ ਨਾਲ ਲੱਗਦਾ ਹੈ।

ਸ਼ਬਦਾਂ ਦੀ ਨਿਮਰਤਾ, ਸਵੈ-ਵਿਸ਼ਵਾਸ ਵਿਚੋਂ ਉਪਜਦੀ ਹੈ ਅਤੇ ਸਵੈ-ਵਿਸ਼ਵਾਸ ਵਧਾਉਂਦੀ ਹੈ। ਸੋਚਣ ਦੀ ਨਿਮਰਤਾ, ਸਿਆਣਪ ਦੀ ਡੂੰਘਾਈ ਵਿਚੋਂ ਉਪਜਦੀ ਹੈ। ਦੇਣ ਦੀ ਨਿਮਰਤਾ, ਸ਼ਰਧਾਲੂ ਉਪਜਾਉਂਦੀ ਹੈ।

ਜਿਹੜਾ ਦਿਲ ਕੁਦਰਤ ਦੀਆਂ ਬਖ਼ਸ਼ਿਸ਼ਾਂ ਮਹਿਸੂਸ ਕਰ ਸਕਦਾ ਹੈ, ਉਹ ਅਦਿੱਖ ਪਰਮਾਤਮਾ ਨੂੰ ਲੱਭ ਰਹੀਆਂ ਅੱਖਾਂ ਨਾਲੋਂ ਵਧੇਰੇ ਵੇਖ ਸਕਦਾ ਹੈ।

ਦਲਿਤਾਂ ਨੂੰ ਇਤਨਾ ਕੁਚਲਿਆ ਜਾਂਦਾ ਰਿਹਾ ਹੈ ਕਿ ਉਨ੍ਹਾਂ ਨੂੰ ਗਾਲ੍ਹਾਂ ਖਾਣ, ਠੁੱਡੇ-ਥੱਪੜ ਮਾਰੇ ਜਾਣ ਦਾ ਇਤਰਾਜ਼ ਕਰਨ ਦੀ ਆਗਿਆ ਨਹੀਂ ਸੀ ਪਰ ਉਹ ਹੁਣ ਠੋਕਵਾਂ ਜਵਾਬ ਵੀ ਦੇਣ ਲੱਗ ਪਏ ਹਨ।

ਹਾਕਮ ਜਮਾਤ ਅਤੇ ਪਰਜਾ ਦਾ ਨਿਖੇੜਾ, ਦਾਖ਼ਲੇ ਵੇਲੇ ਸਕੂਲ ਦੀ ਚੋਣ ਨਾਲ ਹੀ ਹੋ ਜਾਂਦਾ ਹੈ।

ਜਦੋਂ ਅੰਦਰ ਰੋਸ਼ਨੀ ਹੋ ਜਾਂਦੀ ਹੈ ਤਾਂ ਬਾਹਰਲਾ ਆਪੇ ਦਿਸਣ ਲੱਗ ਪੈਂਦਾ ਹੈ।

ਕਈ ਵਾਰੀ ਦਲੀਲ ਨਹੀਂ ਹੁੰਦੀ, ਵਿਸ਼ਵਾਸ ਹੀ ਹੁੰਦਾ ਹੈ। ਕੋਲੰਬਸ ਨੂੰ ਕਿਸੇ ਹੋਰ ਧਰਤੀ ਦੇ ਹੋਣ ਦਾ ਵਿਸ਼ਵਾਸ ਹੀ ਸੀ, ਦਲੀਲ ਕੋਈ ਨਹੀਂ ਸੀ।

ਕਿਸਮਤ, ਉਮੀਦ ਅਤੇ ਸਮਰੱਥਾ ਦਾ ਸੰਜੋਗ ਹੁੰਦੀ ਹੈ।

ਖੁਸ਼, ਖੁਸ਼ਹਾਲ ਅਤੇ ਸੰਤੁਸ਼ਟ ਲੋਕਾਂ ਦਾ ਤੁਹਾਡੇ ਤੋਂ ਵੱਖਰਾ ਰੂਪ ਨਹੀਂ ਹੁੰਦਾ।

ਜਦੋਂ ਪਹਿਲਾਂ ਮੁਸਲਮਾਨ ਅਤੇ ਮਗਰੋਂ ਅੰਗਰੇਜ਼ ਭਾਰਤ ਆਏ, ਉਦੋਂ ਸਾਡੇ ਦੇਸ਼ ਵਿਚ ਕੋਈ ਜੇਲ੍ਹ ਨਹੀਂ ਸੀ, ਵਕੀਲ ਨਹੀਂ ਸੀ, ਅਦਾਲਤ ਨਹੀਂ ਸੀ, ਕਿਉਂਕਿ ਕੋਈ ਅਪਰਾਧ ਵੀ ਨਹੀਂ ਸੀ।

ਅਸਹਿਮਤੀ ਨੂੰ ਅਪਮਾਨ ਸਮਝਣ ਦੇ ਭੁਲੇਖੇ ਕਰਕੇ, ਅਸੀਂ ਸਮਝੌਤਾ ਨਹੀਂ ਕਰਦੇ, ਬਦਲਾ ਹੀ ਲੈਂਦੇ ਹਾਂ।

ਯਾਦ ਤਾਂ ਉਹ ਹੁੰਦੀ ਹੈ, ਜਿਸ ਦੇ ਆਉਣ 'ਤੇ ਅੱਖ ਲਿਸ਼ਕਦੀ ਹੈ ਅਤੇ ਗਰਦਨ ਉੱਚੀ ਹੋ ਜਾਂਦੀ ਹੈ।

ਅਜੋਕੇ ਬਜ਼ੁਰਗ, ਪਹਿਲੇ ਸਮਿਆਂ ਦੇ ਬਜ਼ੁਰਗਾਂ ਨਾਲੋਂ ਵਧੇਰੇ ਸੋਝੀ ਕਾਰਨ ਵਧੇਰੇ ਪ੍ਰੇਸ਼ਾਨ ਹਨ।

ਕਿਸੇ ਨਾਲ ਪਿਆਰ ਪੈਣ ਨਾਲ, ਢਹਿੰਦੀ ਕਲਾ ਤੋਂ ਛੁੱਟਕਾਰਾ ਮਿਲਦਾ ਹੈ।

'ਇੱਥੇ ਇਵੇਂ ਹੀ ਕਰਨ ਦਾ ਰਿਵਾਜ ਹੈ' ਇਹ ਵਾਕ ਉਹ ਬੋਲਦੇ ਹਨ, ਜਿਨ੍ਹਾਂ ਵਿਚ ਕੇਵਲ ਨਕਲ ਕਰਨ ਦੀ ਯੋਗਤਾ ਹੁੰਦੀ ਹੈ।

ਮਨੁੱਖ, ਕੁਦਰਤ ਦੇ ਕਾਨੂੰਨਾਂ ਨੂੰ ਕੁਦਰਤ ਵਿਰੁੱਧ ਵਰਤਣ ਲੱਗ ਪਿਆ ਹੈ।

ਸਾਰੇ ਜੀਵ-ਜੰਤੂ ਆਲੇ-ਦੁਆਲੇ ਅਨੁਸਾਰ ਢਲ ਜਾਂਦੇ ਹਨ, ਕੇਵਲ ਮਨੁੱਖ ਹੈ, ਜਿਹੜਾ ਆਪਣੇ ਅਨੁਸਾਰ, ਆਲੇ-ਦੁਆਲੇ ਨੂੰ ਢਾਲਣ ਦਾ ਯਤਨ ਕਰਦਾ ਹੈ।

ਬਹੁਤ ਸਫਲ ਵਿਅਕਤੀ, ਅਸਫਲ ਹੋਣ ਤੋਂ ਲਾਪ੍ਰਵਾਹ ਹੋ ਕੇ ਸਫਲ ਹੁੰਦੇ ਹਨ।

ਅਸੀਂ ਕਿਸੇ ਵਿਅਕਤੀ ਦੇ ਉਸ ਗੁਣ ਨੂੰ ਹੀ ਗੁਣ ਮੰਨਦੇ ਹਾਂ, ਜੋ ਅਸੀਂ ਆਪਣੇ ਵਿਚ ਉਪਜਾਉਣ ਵਿਚ ਸਫਲ ਨਹੀਂ ਸੀ ਹੋਏ।